
People's Herald

People's Herald

Rs- 160/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

PATIALA On line paper 06 ਜਨਵਰੀ 2026 ਮੰਗਲਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਜਥੇਦਾਰ ਵਲੋਂ ਸ੍ਰੀ ਅਕਾਲ ਤਖਤ ਸਾਹਿਬ 15 ਜਨਵਰੀ 2026 ਨੂੰ ਮੁੱਖ ਮੰਤਰੀ ਭਗਵੰਤ ਮਾਨ ਨੂੰ ਤਲਬ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਜਨਵਰੀ INTERNATIONAL PAPER, 94636 01616 hardipchumber57@gmail.com



ਮੁੱਖ ਮੰਤਰੀ ਭਗਵੰਤ ਮਾਨ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਤਲਬ ਕੀਤਾ ਗਿਆ ਹੈ। ਉਨ੍ਹਾਂ ਨੂੰ 15 ਜਨਵਰੀ ਨੂੰ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਖੇ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਹਨ।

ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਨ੍ਹਾਂ ਵਿਰੁੱਧ ਮਰਿਆਦਾ ਦੇ ਦਾਇਰੇ ਵਿੱਚ ਸਖ਼ਤ ਕਾਰਵਾਈ ਕੀਤੀ ਜਾਵੇਗੀ

ਮੁੱਖ ਮੰਤਰੀ 'ਤੇ ਇਲਜ਼ਾਮ ਹਨ ਕਿ ਉਨ੍ਹਾਂ ਨੇ ਗੁਰੂ ਸਾਹਿਬਾਨ ਵੱਲੋਂ ਬਖਸ਼ੇ 'ਦਸਵੰਧ' ਦੇ ਸਿਧਾਂਤ ਅਤੇ 'ਗੁਰੂ ਕੀ ਗੋਲਕ' ਵਿਰੁੱਧ ਵਾਰ-ਵਾਰ ਇਤਰਾਜ਼ਯੋਗ ਅਤੇ ਭੜਕਾਊ ਟਿੱਪਣੀਆਂ ਕੀਤੀਆਂ ਹਨ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ।

ਇਸ ਤੋਂ ਪਹਿਲਾਂ ਅੱਜ, ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਣਪ੍ਰੀਤ ਸੌਂਦ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ।

### ਸ. ਭਗਵੰਤ ਸਿੰਘ ਮੁੱਖ ਮੰਤਰੀ, ਪੰਜਾਬ ਸਰਕਾਰ, ਪੰਜਾਬ ਨੂੰ ਗੀਤਸਿੰਘ (ਬਗੀਚਾ ਸਿੰਘ) ਇੰਚਾਰਜ, ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵਲੋਂ ਲਿਖਿਆ ਗਿਆ ਪੱਤਰ ਇਸ ਤਰਾਂ ਹੈ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਿਛਲੇ ਸਮੇਂ ਚੱਲ ਰਹੇ ਇੱਕ ਸੰਜੀਦਾ ਪੰਥਕ ਮਾਮਲੇ ਸਬੰਧੀ ਗੱਲ ਕਰਦਿਆਂ ਤੁਹਾਡੇ ਵੱਲੋਂ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਕਰਦਿਆਂ ਜਾਣਬੁੱਝ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਰਹਿਤ ਮਰਯਾਦਾ ਤੇ ਸਰਬਉੱਚਤਾ ਅਤੇ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਦਸਵੰਧ ਦੇ ਸਿਧਾਂਤ "ਗੁਰੂ ਕੀ ਗੋਲਕ" ਵਿਰੁੱਧ ਵਾਰ-ਵਾਰ ਬਹੁਤ ਹੀ ਇਤਰਾਜ਼ਯੋਗ ਟਿੱਪਣੀਆਂ ਕਰਕੇ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਗਈ ਹੈ। ਇਸ ਦੇ ਨਾਲ ਹੀ ਬੀਤੇ ਦਿਨੀਂ ਤੁਹਾਡੀਆਂ ਕੁਝ ਇਤਰਾਜ਼ਯੋਗ ਵੀਡੀਓ ਸਾਹਮਣੇ ਆਈਆਂ ਹਨ, ਜਿਸ ਵਿੱਚ ਤੁਸੀਂ ਸਿੱਖ ਗੁਰੂ ਸਾਹਿਬਾਨ ਅਤੇ ੨੦ਵੀਂ ਸਦੀ ਦੇ ਮਹਾਨ ਕੌਮੀ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੀਆਂ ਤਸਵੀਰਾਂ ਨਾਲ ਅਤਿ-ਇਤਰਾਜ਼ਯੋਗ ਗਤੀਵਿਧੀ ਕਰਦੇ ਨਜ਼ਰ ਆ ਰਹੇ ਹੋ। ਜਿਸ ਸਬੰਧੀ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਆਦੇਸ਼ ਅਨੁਸਾਰ ਲਿਖਿਆ ਜਾਂਦਾ ਹੈ ਕਿ ਤੁਸੀਂ ਪੰਜਾਬ ਅੰਦਰ ਇੱਕ ਸੰਵਿਧਾਨਕ ਉੱਚ-ਅਹੁਦੇ ਉੱਤੇ ਬੈਠੇ ਹੋ, ਤੁਹਾਡੇ ਵੱਲੋਂ ਕੀਤੇ ਸਿੱਖ ਵਿਰੋਧੀ ਪ੍ਰਗਟਾਵੇ ਤੁਹਾਡੇ ਅੰਦਰ ਦੇ ਰਾਜ ਹੈਂਕੜ ਨੂੰ ਦਰਸਾਉਂਦੇ ਹਨ। ਕਿਉਂਕਿ ਤੁਸੀਂ ਪਤਿਤ ਹੋਂ ਅਤੇ ਸਿੱਖ ਰਵਾਇਤ ਅਨੁਸਾਰ ਤੁਹਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਦੇ ਸਨਮੁਖ ਪੇਸ਼ ਨਹੀਂ ਕੀਤਾ ਜਾ ਸਕਦਾ। ਇਸ ਲਈ ਤੁਹਾਨੂੰ ਮਿਤੀ ੦੨ ਮਾਘ ਨਾਨਕਸ਼ਾਹੀ ਸੰਮਤ ੫੫੭ ਮੁਤਾਬਿਕ ੧੫ ਜਨਵਰੀ ੨੦੨੬ ਨੂੰ ਸਵੇਰੇ ੧੦.੦੦ ਵਜੇ ਨਿੱਜੀ ਤੌਰ ਉੱਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਲਈ ਸੱਦਿਆ ਜਾਂਦਾ ਹੈ।

ਧੰਨਵਾਦ ਸਹਿਤ,
ਗੀਤਸਿੰਘ (ਬਗੀਚਾ ਸਿੰਘ) ਇੰਚਾਰਜ,
ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।
Phone/Fax: 0183-2540820 | E-Mail: akaltakhatsahib84@gmail.com

## ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਸਿਰ-ਮੱਥੇ, 15 ਜਨਵਰੀ ਨੂੰ ਨਿਮਾਣੇ ਸਿੱਖ ਵਜੋਂ ਪੇਸ਼ ਹੋਵਾਂਗਾ: ਭਗਵੰਤ ਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਜਨਵਰੀ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ, 5 ਜਨਵਰੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰਤੀ ਆਪਣੀ ਨਿਮਰਤਾ ਅਤੇ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਐਲਾਨ ਕੀਤਾ ਹੈ ਕਿ ਉਹ ਅਕਾਲ ਤਖ਼ਤ ਸਾਹਿਬ ਤੋਂ ਆਏ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨਗੇ। ਉਨ੍ਹਾਂ ਕਿਹਾ ਕਿ ਉਹ ਆਉਂਦੀ 15 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇੱਕ ਮੁੱਖ ਮੰਤਰੀ ਵਜੋਂ ਨਹੀਂ, ਸਗੋਂ ਇੱਕ ਨਿਮਾਣੇ ਸਿੱਖ ਵਜੋਂ ਨੰਗੇ ਪੈਰੀਂ ਚੱਲ ਕੇ ਹਾਜ਼ਰ ਹੋਣਗੇ।

ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਸਭ ਤੋਂ ਉੱਪਰ ਹੈ। ਉਨ੍ਹਾਂ ਦੱਸਿਆ ਕਿ 15 ਜਨਵਰੀ ਨੂੰ ਦੇਸ਼ ਦੇ ਮਾਣਯੋਗ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਗੁਰੂ ਨਾਨਕ ਦੇਵ ਯੂਨੀਵਰਸਿਟੀ (GNDU), ਅੰਮ੍ਰਿਤਸਰ ਵਿਖੇ ਇੱਕ ਅਹਿਮ ਕਾਨਫਰੰਸ ਵਿੱਚ ਹਿੱਸਾ ਲੈਣ ਆ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਰਾਸ਼ਟਰਪਤੀ ਦੇ ਉਸ ਪ੍ਰੋਗਰਾਮ ਵਿੱਚ ਸ਼ਾਮਲ ਨਾ ਹੋ ਸਕਣ ਲਈ ਉਹ ਪਹਿਲਾਂ ਹੀ ਮਾਫ਼ੀ ਮੰਗਦੇ ਹਨ ਕਿਉਂਕਿ ਉਨ੍ਹਾਂ ਲਈ ਗੁਰੂ ਸਾਹਿਬ ਦਾ ਦਰ ਅਤੇ ਉੱਥੋਂ ਆਇਆ ਹੁਕਮ ਸਭ ਤੋਂ ਉੱਤਮ ਹੈ।

ਭਗਵੰਤ ਮਾਨ ਨੇ ਭਾਵੁਕ ਹੁੰਦਿਆਂ ਕਿਹਾ, "ਮੇਰੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਉਸ ਪਾਵਨ ਤਖ਼ਤ ਤੋਂ ਆਇਆ ਹੁਕਮ ਹਮੇਸ਼ਾਂ ਸਿਰ-ਮੱਥੇ ਸੀ, ਹੈ ਅਤੇ ਹਮੇਸ਼ਾਂ ਰਹੇਗਾ।" ਉਨ੍ਹਾਂ ਦੇ ਇਸ ਬਿਆਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਧਾਰਮਿਕ ਮਰਿਆਦਾਵਾਂ ਅਤੇ ਹੁਕਮਨਾਮੇ ਦੀ ਪਾਲਣਾ ਨੂੰ ਪ੍ਰਸ਼ਾਸਨਿਕ ਰੁਝੇਵਿਆਂ ਨਾਲੋਂ ਪਹਿਲ ਦੇ ਰਹੇ ਹਨ।



ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪਿਛਲੇ ਦਿਨੀਂ ਮੁੱਖ ਮੰਤਰੀ ਨੂੰ ਕੁਝ ਪੰਥਕ ਮਾਮਲਿਆਂ ਦੇ ਸਬੰਧ ਵਿੱਚ ਤਲਬ ਕੀਤਾ ਗਿਆ ਸੀ, ਜਿਸ ਦੇ ਜਵਾਬ ਵਿੱਚ ਉਨ੍ਹਾਂ ਨੇ ਇਹ ਪ੍ਰਤੀਕਿਰਿਆ ਦਿੱਤੀ ਹੈ।

## ਧੱਕੇ ਨਾਲ ਪਾਈਆਂ ਜੱਫੀਆਂ ਅਤੇ ਸੋਸ਼ਲ ਮੀਡੀਆ ਪੋਸਟਾਂ ਦਾ ਕੋਈ ਫਾਇਦਾ ਨਾ ਹੋਇਆ: ਕਾਂਗਰਸ

### ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਭਾਰਤ 'ਤੇ ਬਹੁਤ ਜਲਦੀ ਟੈਕਸ ਵਧਾਉਣ ਸਬੰਧੀ ਟਿੱਪਣੀਆਂ ਨੂੰ ਲੈ ਕੇ ਕਾਂਗਰਸ ਨੇ ਸੋਮਵਾਰ ਨੂੰ ਸਰਕਾਰ 'ਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ 'ਨਮਸਤੇ ਟਰੰਪ', 'ਹਾਊਡੀ ਮੋਦੀ' ਵਰਗੇ ਪ੍ਰੋਗਰਾਮ, ਜ਼ਬਰਦਸਤੀ ਪਾਈਆਂ ਜੱਫੀਆਂ ਅਤੇ ਅਮਰੀਕੀ ਨੇਤਾ...

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਜਨਵਰੀ INTERNATIONAL PAPER, 94636 01616 hardipchumber57@gmail.com

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਭਾਰਤ 'ਤੇ ਬਹੁਤ ਜਲਦੀ ਟੈਕਸ ਵਧਾਉਣ ਸਬੰਧੀ ਟਿੱਪਣੀਆਂ ਨੂੰ ਲੈ ਕੇ ਕਾਂਗਰਸ ਨੇ ਸੋਮਵਾਰ ਨੂੰ ਸਰਕਾਰ 'ਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ 'ਨਮਸਤੇ ਟਰੰਪ', 'ਹਾਊਡੀ ਮੋਦੀ' ਵਰਗੇ ਪ੍ਰੋਗਰਾਮ, ਜ਼ਬਰਦਸਤੀ ਪਾਈਆਂ ਜੱਫੀਆਂ ਅਤੇ ਅਮਰੀਕੀ ਨੇਤਾ ਦੀ ਤਾਰੀਫ਼ ਵਿੱਚ ਕੀਤੀਆਂ ਗਈਆਂ ਸੋਸ਼ਲ ਮੀਡੀਆ ਪੋਸਟਾਂ ਦਾ ਬਹੁਤ ਘੱਟ ਫਾਇਦਾ ਹੋਇਆ ਹੈ।

ਵਿਰੋਧੀ ਧਿਰ ਦਾ ਇਹ ਤਨਜ਼ ਟਰੰਪ ਦੇ ਉਸ ਬਿਆਨ ਤੋਂ ਬਾਅਦ ਆਇਆ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਣਦੇ ਹਨ ਕਿ ਉਹ ਭਾਰਤ ਵੱਲੋਂ ਰੂਸੀ ਤੇਲ ਦੀ ਖਰੀਦ ਤੋਂ ਖੁਸ਼ ਨਹੀਂ ਹਨ ਅਤੇ ਵਾਸ਼ਿੰਗਟਨ ਭਾਰਤ 'ਤੇ ਟੈਕਸ ਬਹੁਤ ਤੇਜ਼ੀ ਨਾਲ ਵਧਾ ਸਕਦਾ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ 'ਐਕਸ' 'ਤੇ ਪੋਸਟ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਵ੍ਹਾਈਟ ਹਾਊਸ ਸਥਿਤ ਦੋਸਤ ਦਾ ਭਾਰਤ ਪ੍ਰਤੀ ਰਵੱਈਆ ਅਜੇ ਵੀ ਅਸਥਿਰ ਹੈ ਅਤੇ ਉਨ੍ਹਾਂ ਨੇ ਇੱਕ ਵਾਰ ਫਿਰ ਧਮਕੀ ਦਿੱਤੀ ਹੈ ਕਿ ਜੇਕਰ ਭਾਰਤ ਨੇ ਰੂਸ ਤੋਂ ਤੇਲ ਖਰੀਦਣਾ ਬੰਦ ਨਾ ਕੀਤਾ ਤਾਂ ਭਾਰਤੀ ਦਰਾਮਦ 'ਤੇ ਟੈਕਸ ਵਧਾ ਦਿੱਤੇ ਜਾਣਗੇ।

ਫਲੋਰੀਡਾ ਤੋਂ ਵਾਸ਼ਿੰਗਟਨ ਪਰਤਦੇ ਸਮੇਂ ਏਅਰ ਫੋਰਸ ਵਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਮੋਦੀ ਇੱਕ ਚੰਗੇ ਇਨਸਾਨ ਹਨ ਪਰ ਉਹ ਜਾਣਦੇ ਸਨ ਕਿ ਮੈਂ ਖੁਸ਼ ਨਹੀਂ ਹਾਂ ਅਤੇ ਉਨ੍ਹਾਂ ਲਈ ਮੈਨੂੰ ਖੁਸ਼ ਕਰਨਾ ਮਹੱਤਵਪੂਰਨ ਸੀ ਕਿਉਂਕਿ ਅਸੀਂ ਉਨ੍ਹਾਂ 'ਤੇ ਟੈਰਿਫ ਵਧਾ ਸਕਦੇ ਹਾਂ ਜੋ ਉਨ੍ਹਾਂ ਲਈ ਬਹੁਤ ਮਾੜਾ ਹੋਵੇਗਾ।

ਇਹ ਟਿੱਪਣੀਆਂ ਅਮਰੀਕੀ ਸੈਨੇਟਰ ਲਿੰਡਸੇ ਗ੍ਰਾਹਮ ਦੇ ਉਸ ਬਿਆਨ ਤੋਂ ਬਾਅਦ ਆਈਆਂ ਹਨ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਟਰੰਪ ਵੱਲੋਂ ਲਗਾਏ ਗਏ ਟੈਕਸ ਹੀ ਮੁੱਖ ਕਾਰਨ ਹਨ ਕਿ ਭਾਰਤ ਹੁਣ ਰੂਸੀ ਤੇਲ ਦੀ ਖਰੀਦ ਘਟਾ ਰਿਹਾ ਹੈ।

ਗ੍ਰਾਹਮ ਨੇ ਆਪਣੇ ਟੈਰਿਫ ਬਿੱਲ ਬਾਰੇ ਗੱਲ ਕੀਤੀ ਜੋ ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ ਤੋਂ ਆਯਾਤ 'ਤੇ 500 ਪ੍ਰਤੀਸ਼ਤ ਟੈਕਸ ਲਗਾਉਣ ਦੀ ਕੋਸ਼ਿਸ਼ ਕਰਦਾ ਹੈ।



ਗ੍ਰਾਹਮ ਨੇ ਕਿਹਾ ਕਿ ਰੂਸ-ਯੂਕਰੇਨ ਟਕਰਾਅ ਨੂੰ ਖਤਮ ਕਰਨ ਲਈ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਗਾਹਕਾਂ 'ਤੇ ਦਬਾਅ ਪਾਉਣਾ ਚਾਹੀਦਾ ਹੈ। ਟਰੰਪ ਨੇ ਕਿਹਾ ਕਿ ਪਾਬੰਦੀਆਂ ਰੂਸ ਨੂੰ ਬਹੁਤ ਬੁਰੀ ਤਰ੍ਹਾਂ ਨੁਕਸਾਨ ਪਹੁੰਚਾ ਰਹੀਆਂ ਹਨ ਅਤੇ ਫਿਰ ਭਾਰਤ ਦਾ ਜ਼ਿਕਰ ਕੀਤਾ। ਗ੍ਰਾਹਮ ਨੇ ਫਿਰ ਕਿਹਾ ਕਿ ਅਮਰੀਕਾ ਨੇ ਰੂਸੀ ਤੇਲ ਖਰੀਦਣ ਲਈ ਭਾਰਤ 'ਤੇ 25 ਪ੍ਰਤੀਸ਼ਤ ਟੈਕਸ ਲਗਾਇਆ।

## ਮਨਰੇਗਾ ਵਿੱਚ ਤਬਦੀਲੀ ਖਿਲਾਫ ਕਾਂਗਰਸ ਵੱਲੋਂ 11 ਜਨਵਰੀ ਨੂੰ ਰੈਲੀ ਕਰਨ ਦਾ ਐਲਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਜਨਵਰੀ INTERNATIONAL PAPER, 94636 01616 hardipchumber57@gmail.com

ਬਠਿੰਡਾ, 5 ਜਨਵਰੀ 2026: ਕੇਂਦਰ ਸਰਕਾਰ ਵੱਲੋਂ ਮਨਰੇਗਾ ਦੀ ਨਵੀਂ ਸਕੀਮ ਲਾਗੂ ਕਰਨ ਦੇ ਵਿਰੋਧ ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਵੱਲੋਂ 11 ਜਨਵਰੀ ਨੂੰ ਭੁੱਚੋ ਵਿਖੇ ਇੱਕ ਵੱਡੀ ਮਜ਼ਦੂਰ ਰੈਲੀ ਆਯੋਜਿਤ ਕੀਤੀ ਜਾ ਰਹੀ ਹੈ। ਇਸ ਰੈਲੀ ਵਿੱਚ ਬਠਿੰਡਾ, ਮਾਨਸਾ, ਮੁਕਤਸਰ ਅਤੇ ਫਰੀਦਕੋਟ ਜ਼ਿਲ੍ਹਿਆਂ ਤੋਂ ਹਜ਼ਾਰਾਂ ਮਜ਼ਦੂਰਾਂ ਅਤੇ ਕਾਂਗਰਸੀ ਵਰਕਰਾਂ ਦੀ ਭਾਗੀਦਾਰੀ ਦੀ ਉਮੀਦ ਹੈ। ਇਹ ਜਾਣਕਾਰੀ ਜ਼ਿਲ੍ਹਾ ਪ੍ਰਧਾਨਾਂ ਅਤੇ ਆਗੂਆਂ ਦੀ ਮੀਟਿੰਗ ਤੋਂ ਬਾਅਦ ਪੰਜਾਬ ਦੇ ਸਹਾਇਕ ਇੰਚਾਰਜ ਰਵਿੰਦਰ ਡਾਲਵੀਆਂ ਨੇ ਸਾਂਝੀ ਕੀਤੀ।

ਉਨ੍ਹਾਂ ਦੱਸਿਆ ਕਿ ਆਲ ਇੰਡੀਆ ਕਾਂਗਰਸ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਮੇਤ ਪਾਰਟੀ ਦੀ ਪੂਰੀ ਲੀਡਰਸ਼ਿਪ ਰੈਲੀ ਵਿੱਚ ਸ਼ਮੂਲੀਅਤ ਕਰੇਗੀ। ਕਾਂਗਰਸ ਦਾ ਦੋਸ਼ ਹੈ ਕਿ ਨਵੀਂ ਮਨਰੇਗਾ ਸਕੀਮ ਮਜ਼ਦੂਰਾਂ ਦੇ 100 ਦਿਨਾਂ ਦੇ ਰੁਜ਼ਗਾਰ ਨੂੰ ਖਤਰੇ ਵਿੱਚ ਪਾ ਰਹੀ ਹੈ ਅਤੇ ਕੇਂਦਰ ਸਰਕਾਰ ਆਪਣੀ ਜ਼ਿੰਮੇਵਾਰੀ ਸੂਬਿਆਂ 'ਤੇ ਥੋਪ ਰਹੀ ਹੈ।

ਆਗੂਆਂ ਨੇ ਕਿਹਾ ਕਿ ਇਹ ਰੈਲੀ ਕੇਂਦਰ ਅਤੇ ਪੰਜਾਬ ਸਰਕਾਰਾਂ ਦੀਆਂ ਨੀਤੀਆਂ ਵਿਰੁੱਧ ਇੱਕ ਅਹਿਮ ਸ਼ੁਰੂਆਤ ਹੋਵੇਗੀ, ਜਿਸ ਦਾ ਮਕਸਦ ਮਜ਼ਦੂਰਾਂ, ਕਿਸਾਨਾਂ, ਵਪਾਰੀਆਂ ਅਤੇ ਮੁਲਾਜ਼ਮਾਂ ਦੇ ਹੱਕਾਂ ਦੀ ਬਹਾਲੀ ਲਈ ਸੰਘਰਸ਼ ਨੂੰ ਮਜ਼ਬੂਤ ਕਰਨਾ ਹੈ।

# ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਕਾਲ ਤਖਤ ਅੱਗੇ ਪੇਸ਼

## ਸਪਸ਼ਟੀਕਰਨ ਸੌਂਪਿਆ; ਜਥੇਦਾਰ ਨੇ ਪੰਜਾਬ ਸਰਕਾਰ ਨੂੰ ਸਿੱਖ ਸਿਧਾਂਤਾਂ ਦੀ ਜਾਣਕਾਰੀ ਰੱਖਣ ਵਾਲੇ ਅਧਿਕਾਰੀ ਦੀ ਨਿਯੁਕਤੀ ਕਰਨ ਲਈ ਕਿਹਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਜਨਵਰੀ
INTERNATIONAL PAPER, 94636 01616
hardipchumber57@gmail.com

ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਆਖਿਆ ਕਿ ਉਹ ਆਪਣੇ ਵਿਭਾਗ ਵਿੱਚ ਕੋਈ ਗੁਰਸਿੱਖ ਅਤੇ ਸਿੱਖ ਧਰਮ ਦੇ ਗਿਆਤਾ ਅਧਿਕਾਰੀ ਨੂੰ ਨਿਯੁਕਤ ਕਰਨ ਤਾਂ ਕਿ ਭਵਿੱਖ ਵਿੱਚ ਸਿੱਖ ਧਰਮ ਸਬੰਧੀ ਕੋਈ ਗਲਤੀ ਨਾ ਹੋਵੇ। ਸ੍ਰੀ ਸੌਂਦ ਅੱਜ ਇੱਥੇ ਅਕਾਲ ਤਖਤ ਸਾਹਿਬ ਵਿਖੇ ਆਪਣਾ ਸਪਸ਼ਟੀਕਰਨ ਦੇਣ ਵਾਸਤੇ ਪੁੱਜੇ ਸਨ। ਬੀਤੇ ਦਿਨੀ ਭਾਈ ਜੈਤਾ ਜੀ ਮਿਊਜ਼ੀਅਮ ਵਿੱਚ ਸਥਾਪਿਤ ਕੀਤੀਆਂ ਗਈਆਂ ਕੁਝ ਤਸਵੀਰਾਂ ਦੇ ਮਾਮਲੇ ਵਿੱਚ ਮਰਿਆਦਾ ਦੀ ਉਲੰਘਣਾ ਦੇ ਦੋਸ਼ ਹੇਠ ਉਨ੍ਹਾਂ ਕੋਲੋਂ ਸਪਸ਼ਟੀਕਰਨ ਮੰਗਿਆ ਗਿਆ ਸੀ।




ਉਨ੍ਹਾਂ ਨੇ ਅੱਜ ਆਪਣਾ ਤੇ ਆਪਣੇ ਵਿਭਾਗ ਵੱਲੋਂ ਇੱਕ ਸਪਸ਼ਟੀਕਰਨ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸੌਂਪਿਆ।

ਜਥੇਦਾਰ ਗੜਗੱਜ ਨਾਲ ਮਿਲਣ ਤੋਂ ਬਾਅਦ ਮੀਡੀਆ ਨਾਲ ਗੱਲ ਕਰਦੇ ਹੋਏ ਸ੍ਰੀ ਸੌਂਦ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਪਹਿਲਾਂ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੀ ਸ਼ਤਾਬਦੀ ਮਨਾਉਣ ਸਮੇਂ ਸਿੱਖ ਵਿਦਵਾਨਾਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਅਤੇ ਉਨ੍ਹਾਂ ਵੱਲੋਂ ਦਿੱਤੇ ਗਏ ਸੁਝਾਵਾਂ ਦੇ ਮੁਤਾਬਕ ਹੀ ਸਮਾਗਮ ਕੀਤੇ ਗਏ ਸਨ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਹੈਰੀਟੇਜ ਸਟਰੀਟ ਵਿਖੇ ਪੁੱਜੇ, ਜਿੱਥੋਂ ਨੰਗੇ ਪੈਰੀਂ ਸ੍ਰੀ ਹਰਿਮੰਦਰ ਸਾਹਿਬ ਪੁੱਜੇ। ਉਨ੍ਹਾਂ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਵਿਖੇ ਵੀ ਮੱਥਾ ਟੇਕਿਆ।

ਇਸ ਦੌਰਾਨ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਅਤੇ ‘ਆਪ’ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਵੀ ਦੀਵਾਨ ਵੱਲੋਂ ਆਪਣਾ ਸਪਸ਼ਟੀਕਰਨ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਨੂੰ ਸੌਂਪਿਆ। ਉਨ੍ਹਾਂ ਕੋਲੋਂ ਦੀਵਾਨ ਵਿੱਚ ਅੰਮ੍ਰਿਤਧਾਰੀ ਅਤੇ ਗੈਰ ਅੰਮ੍ਰਿਤਧਾਰੀ ਮੈਂਬਰਾਂ ਦੀ ਸੂਚੀ ਮੰਗੀ ਗਈ ਸੀ। ਡਾ. ਨਿੱਜਰ ਨੇ ਦੱਸਿਆ ਕਿ ਜਥੇਦਾਰ ਗੜਗੱਜ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਦੀਵਾਨ ਦੇ ਸਾਰੇ ਮੈਂਬਰਾਂ ਨੂੰ ਅੰਮ੍ਰਿਤਧਾਰੀ ਹੋਣ ਲਈ ਪ੍ਰੇਰਨ।

ਸ੍ਰੀ ਸੌਂਦ ਨੇ ਕਿਹਾ ਕਿ ਉਹ ਨਿਮਾਣੇ ਸਿੱਖ ਵਜੋਂ ਅਕਾਲ ਤਖਤ ਵਿਖੇ ਪੇਸ਼ ਹੋਏ। ਸ੍ਰੀ ਸੌਂਦ ਨੂੰ ਕਿਹਾ ਗਿਆ ਕਿ ਉਨ੍ਹਾਂ ਦੇ ਵਿ ਭਾਗ ਵਿਚ ਸਿੱਖ ਸਿਧਾਂਤਾਂ ਦੀ ਜਾਣਕਾਰੀ ਰੱਖਣ ਵਾਲੇ ਅਧਿਕਾਰੀ ਦੀ ਨਿਯੁਕਤੀ ਕੀਤੀ ਜਾਵੇ। ਇਸ ਤੋਂ ਬਾਅਦ ਮੰਤਰੀ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਨਗੇ ਕਿ ਇਸ ਵਿਭਾਗ ਵਿਚ ਸਿੱਖ ਸਿਧਾਂਤਾਂ ਦੀ ਸਮਝ ਰੱਖਣ ਵਾਲੇ ਅਧਿਕਾਰੀ ਦੀ ਨਿਯੁਕਤੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਪਹਿਲਾਂ ਉਨ੍ਹਾਂ ਨੂੰ ਵਿਸ਼ੇਸ਼ ਤੌਰ ’ਤੇ ਕਿਹਾ ਸੀ ਕਿ ਮਰਿਆਦਾ ਦਾ ਧਿਆਨ ਰੱਖਿਆ ਜਾਵੇ।

ਜ਼ਿਕਰਯੋਗ ਹੈ ਕਿ 28 ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਉਨ੍ਹਾਂ ਨੂੰ 5 ਜਨਵਰੀ ਲਈ ਤਲਬ ਕੀਤਾ ਗਿਆ ਸੀ। ਉਨ੍ਹਾਂ ਕੋਲੋਂ ਆਨੰਦਪੁਰ ਸਾਹਿਬ ਵਿੱਚ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਦੀ ਯਾਦਗਾਰ ਵਿੱਚ ਲਾਈਆਂ ਤਸਵੀਰਾਂ ਵਿੱਚ ਸਿੱਖ ਸਿਧਾਂਤਾਂ, ਮਰਿਆਦਾ ਅਤੇ ਭਾਵਨਾਵਾਂ ਖ਼ਿਲਾਫ਼ ਪੇਸ਼ਕਾਰੀ ਸਬੰਧੀ ਸਪੱਸ਼ਟੀਕਰਨ ਮੰਗਿਆ ਗਿਆ ਸੀ।

# ਨਾਈਜੀਰੀਆ ਦੀ ਨਸ਼ਾ ਵਿਰੋਧੀ ਏਜੰਸੀ ਨੇ 31 ਕਿੱਲੋ ਤੋਂ ਵੱਧ ਕੋਕੀਨ ਦੀ ਬਰਾਮਦਗੀ ਮਾਮਲੇ ’ਚ 22 ਭਾਰਤੀ ਹਿਰਾਸਤ ’ਚ ਲਏ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਜਨਵਰੀ
INTERNATIONAL PAPER, 94636 01616
hardipchumber57@gmail.com

ਨਾਈਜੀਰੀਆ ਦੀ ਨਸ਼ਾ ਵਿਰੋਧੀ ਏਜੰਸੀ ਨੇ ਲਾਗੋਸ ਦੇ ਅਪਾਪਾ ਬੰਦਰਗਾਹ ‘ਤੇ ਵਪਾਰਕ ਜਹਾਜ਼ ਐੱਮ ਵੀ ਅਰੁਣਾ ਹੁਲਿਆ (MV Aruna Hulya) ਤੋਂ 31.5 ਕਿਲੋਗ੍ਰਾਮ ਕੋਕੀਨ ਦੀ ਬਰਾਮਦਗੀ ਦੇ ਸਬੰਧ ਵਿੱਚ ਜਹਾਜ਼ ਦੇ 22 ਭਾਰਤੀ ਚਾਲਕ ਦਲ ਦੇ ਮੈਂਬਰਾਂ ਨੂੰ ਹਿਰਾਸਤ ਵਿੱਚ ਲਿਆ ਹੈ। ਨੈਸ਼ਨਲ ਡਰੱਗ ਲਾਅ ਇਨਫੋਰਸਮੈਂਟ ਏਜੰਸੀ (NDLEA) ਦੇ ਅਨੁਸਾਰ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਅਪਾਪਾ ਬੰਦਰਗਾਹ ਦੇ ਜੀ ਡੀਐੱਨ ਐੱਲ ਟਰਮੀਨਲ ‘ਤੇ ਇਹ ਨਸ਼ੀਲੇ ਪਦਾਰਥ ਬਰਾਮਦ ਕੀਤੇ।

ਏਜੰਸੀ ਦੇ ਮੀਡੀਆ ਅਤੇ ਐਡਵੋਕੇਸੀ ਡਾਇਰੈਕਟਰ ਫੇਮੀ ਬਾਬਾਫੇਮੀ ਨੇ ਐਤਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਦੱਸਿਆ ਕਿ ਮਾਰਸ਼ਲ ਆਈਲੈਂਡਸ ਤੋਂ ਆਏ ਇਸ ਜਹਾਜ਼ ਦੇ ਹੇਠਲੇ ਹਿੱਸੇ (Hatch three) ਵਿੱਚੋਂ ਕੋਕੀਨ ਮਿਲਣ ਤੋਂ ਬਾਅਦ ਜਹਾਜ਼ ਦੇ ਕਪਤਾਨ ਸ਼ਰਮਾ ਸ਼ਸ਼ੀ ਭੂਸ਼ਣ ਸਮੇਤ ਚਾਲਕ ਦਲ ਦੇ 21 ਹੋਰ ਮੈਂਬਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇਸ ਤੋਂ ਇਲਾਵਾ ਏਜੰਸੀ



ਨੇ ਬੋਰਨੋ ਵਿੱਚ ਵੀ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਸਪਲਾਈ ਲੜੀ ਦਾ ਪਰਦਾਫਾਸ਼ ਕਰਦਿਆਂ ਦੋ ਸਪਲਾਇਰਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ।

# ਪੁਲਿਸ ਦਾ ਕ੍ਰਿਸ਼ਮਾ: PM ਮੋਦੀ ਦੀ ਸੁਰੱਖਿਆ ਕੋਤਾਹੀ ’ਚ 4 ਸਾਲ ਪਿੱਛੋਂ ਵੀ ਨਾ ਪੇਸ਼ ਹੋਇਆ ਚਲਾਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਜਨਵਰੀ
INTERNATIONAL PAPER, 94636 01616
hardipchumber57@gmail.com

ਅਸ਼ੋਕ ਵਰਮਾ ਬਠਿੰਡਾ, 5 ਜਨਵਰੀ 2026: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 5 ਜਨਵਰੀ 2022 ਨੂੰ ਫਿਰੋਜ਼ਪੁਰ ਦੌਰੇ ਦੌਰਾਨ ਉਨ੍ਹਾਂ ਦੀ ਸੁਰੱਖਿਆ ਕੋਤਾਹੀ ਮਾਮਲੇ ’ਚ 4 ਸਾਲ ਬਾਅਦ ਵੀ ਪੁਲਿਸ ਚਲਾਨ ਨਹੀਂ ਪੇਸ਼ ਕਰ ਸਕੀ ਹੈ। ਹਾਲਾਂਕਿ ਅਧਿਕਾਰੀਆਂ ਦੀ ਦਲੀਲ ਹੈ ਕਿ ਡੂੰਘਾਈ ਨਾਲ ਜਾਂਚ ਚੱਲਦੀ ਹੋਣ ਕਾਰਨ ਅਦਾਲਤ ’ਚ ਚਲਾਨ ਨਹੀਂ ਪੇਸ਼ ਕੀਤਾ ਜਾ ਸਕਿਆ ਹੈ ਪਰ ਇਸ ਮਾਮਲੇ ਨਾਲ ਪੁਲਿਸ ਦੇ ਸੀਨੀਅਰ ਅਫਸਰਾਂ ਦਾ ਨਾਮ ਜੁੜਿਆ ਹੋਣ ਕਾਰਨ ਇਸ ਦੇਰੀ ਨੂੰ ਅਧਿਕਾਰੀਆਂ ਤੇ ਮਿਹਰਬਾਨੀ ਨਾਲ ਜੋੜਕੇ ਦੇਖਣ ਦੀ ਚੁੰਝ ਚਰਚਾ ਵੀ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਫਿਰੋਜ਼ਪੁਰ ਵਿਖੇ ਪੀਜੀਆਈ ਸੈਟਲਾਈਟ ਕੇਂਦਰ ਦਾ ਨੀਂਹ ਪੱਥਰ ਰੱਖਿਆ ਜਾਣਾ ਸੀ। ਇਸ ਦੇ ਨਾਲ ਹੀ ਭਾਰਤੀ ਜੰਤਾ ਪਾਰਟੀ ਵੱਲੋਂ ਰੱਖੀ ਗਈ ਰੈਲੀ ਨੂੰ ਸੰਬੋਧਨ ਕਰਨ ਦਾ ਪ੍ਰੋਗਰਾਮ ਸੀ। ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਠਿੰਡਾ ਹਵਾਈ ਅੱਡੇ ਤੇ ਪੁੱਜੇ ਸਨ।



ਅਚਾਨਕ ਮੌਸਮ ’ਚ ਆਈ ਤਬਦੀਲੀ ਕਾਰਨ ਪ੍ਰਧਾਨ ਮੰਤਰੀ ਦੇ ਕਾਫਲੇ ਨੂੰ ਸੜਕੀ ਰਸਤੇ ਰਾਹੀਂ ਲਿਜਾਣ ਦਾ ਪ੍ਰੋਗਰਾਮ ਬਣ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਸੜਕ ਰਾਹੀਂ ਫਿਰੋਜ਼ਪੁਰ ਵੱਲ ਆ ਰਹੇ ਸਨ ਤਾਂ ਰੈਲੀ ਪੰਡਾਲ ਤੋਂ ਕਰੀਬ 7 ਕਿੱਲੋਮੀਟਰ ਪਿੱਛੇ ਪਿੰਡ ਪਿਆਰੇਆਣਾ ਕੋਲ ਕਿਸਾਨਾਂ ਦੇ ਧਰਨੇ ਕਾਰਨ ਪ੍ਰਧਾਨ ਮੰਤਰੀ ਦਾ ਕਾਫਲਾ 15 ਮਿੰਟ ਤੱਕ ਫਲਾਈ ਓਵਰ ਤੇ ਫਸਿਆ ਰਿਹਾ ਸੀ। ਇਸ ਤੋਂ ਬਾਅਦ ਅੱਗੇ ਜਾਣ ਦੀ ਬਜਾਏ ਪ੍ਰਧਾਨ ਮੰਤਰੀ ਵਾਪਿਸ ਪਰਤ ਗਏ ਸਨ। ਬਠਿੰਡਾ ਤੋਂ ਦਿੱਲੀ ਜਾਣ ਮੌਕੇ ਪ੍ਰਧਾਨ ਮੰਤਰੀ ਨੇ ਪੰਜਾਬ ਸਰਕਾਰ ਦੇ ਇੱਕ ਅਧਿਕਾਰੀ ਨੂੰ ਕਿਹਾ ਸੀ ਕਿ ਆਪਣੇ ਮੁੱਖ ਮੰਤਰੀ ਨੂੰ ਕਹਿਣਾ ਮੈਂ ਜਿਉਂਦਾ ਮੁੜ ਗਿਆ ਹਾਂ। ਵਿਸ਼ੇਸ਼ ਤੱਥ ਹੈ ਕਿ ਉਦੋਂ ਪੰਜਾਬ ’ਚ ਕਾਂਗਰਸ ਦੀ ਸਰਕਾਰ ਸੀ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਨ ਅਤੇ ਪ੍ਰਧਾਨ ਮੰਤਰੀ ਨੇ ਇਸ ਤਰਾਂ ਦੇ ਸ਼ਬਦਾਂ ਰਾਹੀਂ ਇੱਕ ਤਰਾਂ ਨਾਲ ਮੁੱਖ ਮੰਤਰੀ ਚੰਨੀ ਤੇ ਤੰਜ਼ ਕਸਿਆ ਸੀ।

ਪਿੰਡ ਪਿਆਰੇਆਣਾ ਪੁਲ ਤੇ ਪ੍ਰਧਾਨ ਮੰਤਰੀ ਦੇ ਕਾਫਲੇ ’ਚ ਵਿਘਨ ਪਾਉਣ ਦੇ ਮਾਮਲੇ ’ਚ ਪੁਲਿਸ ਨੇ ਤਕਰੀਬਨ 150 ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਉੱਚ ਪੱਧਰੀ ਜਾਂਚ ਲਈ ਐਸਆਈਟੀ ਬਣਾਈ ਸੀ ਜਿਸ ਕਰਕੇ ਦਰਜ ਧਾਰਾਵਾਂ ’ਚ ਵਾਧਾ ਕਰਕੇ ਧਾਰਾ 307, 353,186,149,341 ਤੋਂ ਇਲਾਵਾ 8 ਨੈਸ਼ਨਲ ਹਾਈਵੇਅ ਐਕਟ ਵਰਗੀਆਂ ਸਖਤ ਧਾਰਾ ਦਾ ਵਾਧਾ ਕੀਤਾ ਗਿਆ ਸੀ। ਇਹੋ ਹੀ ਨਹੀਂ ਕੇਂਦਰੀ ਗ੍ਰਹਿ ਮੰਤਰਾਲੇ ਦੇ ਹੁਕਮਾਂ ’ਤੇ ਮਾਮਲੇ ਦੀ ਪੜਤਾਲ ਲਈ ਬਣਾਈ ਕਮੇਟੀ ਦੀ ਰਿਪੋਰਟ ਦੇ ਅਧਾਰ ਤੇ ਸਾਲ 2023 ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਉਨ੍ਹਾਂ ਦੇ ਕਾਫਲੇ ਦੇ ਰਾਹ ਵਿੱਚ ਫਸਣ ਦੇ ਮਾਮਲੇ ਨੂੰ ਸੁਰੱਖਿਆ ਕੋਤਾਹੀ ਮੰਨਦਿਆਂ ਐਸ ਪੀ ਗੁਰਵਿੰਦਰ ਸਿੰਘ ਸੰਘਾ ਨੂੰ ਮੁਅੱਤਲ ਕਰਨ ਦੇ ਹੁਕਮ ਜਾਰੀ ਕੀਤੇ ਹਨ। ਜਦੋਂ ਇਹ ਘਟਨਾ ਵਾਪਰੀ ਉਸ ਵਕਤ ਗੁਰਵਿੰਦਰ ਸਿੰਘ ਸੰਘਾ ਫਿਰੋਜ਼ਪੁਰ ’ਚ ਐਸਪੀ ਓਪਰੇਸ਼ਨ ਸਨ ਅਤੇ ਰੂਟ ਡਿਊਟੀ ਤੇ ਤਾਇਨਾਤ ਸਨ।

ਦੱਸਣਯੋਗ ਹੈ ਕਿ ਜਿਸ ਸੜਕੀ ਰੂਟ ਰਾਹੀਂ ਪ੍ਰਧਾਨ ਮੰਤਰੀ ਨੇ ਲੰਘਣਾ ਹੁੰਦਾ ਹੈ ਉਸ ਨੂੰ ਪੂਰੀ ਤਰਾਂ ਖਾਲੀ ਰੱਖਣ ਦੀ ਜਿੰਮੇਵਾਰੀ ਪੁਲਿਸ ਦੀ ਹੁੰਦੀ ਹੈ ਜੋ ਡਿਊਟੀ ਨਿਭਾਉਣ ’ਚ ਫੇਲ੍ਹ ਰਹੀ ਸੀ। ਪ੍ਰਧਾਨ ਮੰਤਰੀ ਸੁਰੱਖਿਆ ਕੋਤਾਹੀ ਮਾਮਲੇ ’ਚ ਐਸਪੀ ਸੰਘਾ ਤੋਂ ਬਿਨਾਂ ਡੀਐਸਪੀ ਪ੍ਰਸੋਨ ਸਿੰਘ, ਡੀਐਸਪੀ ਜਗਦੀਸ਼ ਕੁਮਾਰ, ਇੰਸਪੈਕਟਰ ਜਤਿੰਦਰ ਸਿੰਘ, ਇੰਸਪੈਕਟਰ ਬਲਵਿੰਦਰ ਸਿੰਘ, ਇੰਸਪੈਕਟਰ ਜਸਵੰਤ ਸਿੰਘ ਅਤੇ ਏਐਸਆਈ ਰਕੇਸ਼ ਕੁਮਾਰ ਨੂੰ ਵੀ ਮੁਅੱਤਲ ਕਰ ਦਿੱਤਾ ਗਿਆ ਸੀ। ਹੁਣ ਅੱਗਿਓਂ ਇੰਨ੍ਹਾਂ ਅਧਿਕਾਰੀਆਂ ਦੇ ਮਸਲਿਆਂ ਦਾ ਕੀ ਬਣਿਆ ਇਸ ਬਾਰੇ ਤਾਂ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਪਰ ਪੁਲਿਸ ਹਾਲ ਦੀ ਘੜੀ ਇਹ ਮਾਮਲਾ ਅਦਾਲਤ ਤੱਕ ਨਹੀਂ ਲਿਜਾ ਸਕੀ ਹੈ। ਇਸ ਤੋਂ ਇਲਾਵਾ ਤੱਤਕਾਲੀ ਐਸਐਸਪੀ ਹਰਮਨਦੀਪ ਹੰਸ ਸਮੇਤ ਕਈ ਅਧਿਕਾਰੀਆਂ ਦੀਆਂ ਬਦਲੀਆਂ ਵੀ ਕੀਤੀਆਂ ਗਈਆਂ ਸਨ। ਡੀਐਸਪੀ ਕਰਨ ਸ਼ਰਮਾ ਦਾ ਕਹਿਣਾ ਸੀ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਣ ਕਾਰਨ ਚਲਾਨ ਨਹੀਂ ਪੇਸ਼ ਕੀਤਾ ਗਿਆ ਹੈ।

# ਪੰਜਾਬ ’ਚ ਜ਼ਮੀਨੀ ਰਜਿਸਟਰੀ ਦੇ ਨਿਯਮ ਹੋਏ ਸਖ਼ਤ: ਹੁਣ ਬਿਨਾਂ ਡਿਜੀਟਲ ਤਸਦੀਕ ਨਹੀਂ ਹੋਵੇਗਾ ਕੋਈ ਰਜਿਸਟਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਜਨਵਰੀ
INTERNATIONAL PAPER, 94636 01616
hardipchumber57@gmail.com

ਪੰਜਾਬ ਸਰਕਾਰ ਨੇ ਜ਼ਮੀਨੀ ਸੌਦਿਆਂ ਵਿੱਚ ਹੁੰਦੀ ਧੋਖਾਧੜੀ ਅਤੇ ਜਾਅਲਸਾਜ਼ੀ ਨੂੰ ਜੜ੍ਹੋਂ ਖ਼ਤਮ ਕਰਨ ਲਈ ਨਵੇਂ ਸਖ਼ਤ ਨਿਯਮ ਲਾਗੂ ਕਰ ਦਿੱਤੇ ਹਨ। ਹੁਣ ਸੂਬੇ ਦੀਆਂ ਤਹਿਸੀਲਾਂ ਵਿੱਚ ‘ਆਧਾਰ’ ਆਧਾਰਿਤ ਈ-ਕੇਵਾਈਸੀ (e-KYC) ਤੋਂ ਬਿਨਾਂ ਕੋਈ ਵੀ ਰਜਿਸਟਰੀ ਸੰਭਵ ਨਹੀਂ ਹੋਵੇਗੀ।

ਨਵੇਂ ਨਿਯਮਾਂ ਅਨੁਸਾਰ, ਜ਼ਮੀਨ ਖ਼ਰੀਦਣ ਅਤੇ ਵੇਚਣ ਵਾਲੇ




ਦੇ ਨਾਲ-ਨਾਲ ਹੁਣ ਨੰਬਰਦਾਰ, ਸਰਪੰਚ ਜਾਂ ਕਿਸੇ ਵੀ ਗਵਾਹ ਲਈ ਆਪਣਾ ਮੋਬਾਈਲ ਫ਼ੋਨ ਕੋਲ ਰੱਖਣਾ ਜ਼ਰੂਰੀ ਹੋਵੇਗਾ, ਕਿਉਂਕਿ ਉਨ੍ਹਾਂ ਦੀ ਪਛਾਣ ਦੀ ਪੁਸ਼ਟੀ ਓ.ਟੀ.ਪੀ. (OTP) ਰਾਹੀਂ ਕੀਤੀ ਜਾਵੇਗੀ।

ਇਸ ਕਦਮ ਨਾਲ ਮਰੇ ਹੋਏ ਵਿਅਕਤੀਆਂ ਨੂੰ ਜ਼ਿੰਦਾ ਦਿਖਾ ਕੇ ਜਾਂ ਜਾਅਲੀ ਗਵਾਹਾਂ ਰਾਹੀਂ ਕੀਤੀਆਂ ਜਾਣ ਵਾਲੀਆਂ ਰਜਿਸਟਰੀਆਂ ’ਤੇ ਪੂਰੀ ਤਰ੍ਹਾਂ ਰੋਕ ਲੱਗੇਗੀ।

ਮੋਗਾ ਦੇ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਅਤੇ ਜ਼ਿਲ੍ਹਾ ਮਾਲ ਅਫ਼ਸਰ ਲਕਸ਼ੇ ਕੁਮਾਰ ਨੇ ਦੱਸਿਆ ਕਿ ‘ਈਜ਼ੀ ਰਜਿਸਟਰੀ’ ਪ੍ਰਣਾਲੀ ਦਾ ਮੁੱਖ ਮਕਸਦ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਣਾ ਅਤੇ ਵਿਚੋਲਿਆਂ ਜਾਂ ਏਜੰਟਾਂ ਦੀ ਲੋੜ ਨੂੰ ਖ਼ਤਮ ਕਰਨਾ ਹੈ। ਜੇਕਰ ਕੋਈ ਵਿਅਕਤੀ ਵਿਦੇਸ਼ ਵਿੱਚ ਹੈ ਜਾਂ ਕੋਈ ਨਾਬਾਲਗ ਜ਼ਮੀਨ ਦਾ ਸੌਦਾ ਕਰ ਰਿਹਾ ਹੈ, ਤਾਂ ਉਨ੍ਹਾਂ ਦੀ ਪਛਾਣ ਵੀ ਹੁਣ ਡਿਜੀਟਲ ਤਰੀਕੇ ਨਾਲ ਤਸਦੀਕ ਕੀਤੀ ਜਾਵੇਗੀ।

ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਇਸ ਪ੍ਰਕਿਰਿਆ ਨੂੰ ਹੋਰ ਸੁਰੱਖਿਅਤ ਬਣਾਉਣ ਲਈ ਤਹਿਸੀਲਾਂ ਵਿੱਚ ਬਾਇਓਮੈਟ੍ਰਿਕ ਮਸ਼ੀਨਾਂ ਲਗਾਉਣ ’ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ, ਤਾਂ ਜੋ ਪੰਜਾਬ ਦੇ ਜ਼ਮੀਨੀ ਰਿਕਾਰਡ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਬਣਾਇਆ ਜਾ ਸਕੇ।

# ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਹੱਲ ਕਰਨ ਲਈ ਵਚਨਬੱਧ: ਵਿੱਤ ਮੰਤਰੀ ਹਰਪਾਲ ਸਿੰਘ ਚੀਮਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 05 ਜਨਵਰੀ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਸੂਬਾ ਸਰਕਾਰ ਦੀ ਮੁਲਾਜ਼ਮਾਂ ਪ੍ਰਤੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਮੁਲਾਜ਼ਮਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਪੂਰੀ ਤਰ੍ਹਾਂ ਗੰਭੀਰ ਹੈ। ਉਨ੍ਹਾਂ ਦੱਸਿਆ ਕਿ ਕੱਚੇ ਮੁਲਾਜ਼ਮਾਂ ਸਮੇਤ ਮੁਲਾਜ਼ਮਾਂ ਦੇ ਕਈ ਅਹਿਮ ਮੁੱਦੇ ਪਹਿਲਾਂ ਹੀ ਹੱਲ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੀਆਂ ਜਾਇਜ਼ ਮੰਗਾਂ ‘ਤੇ ਵੀ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ।

ਪੰਜਾਬ ਸਿਵਲ ਸਕੱਤਰੇਤ ਵਿਖੇ ਆਪਣੇ ਦਫ਼ਤਰ ਵਿੱਚ ਉੱਚ ਪੱਧਰੀ ਮੀਟਿੰਗਾਂ ਦੀ ਪ੍ਰਧਾਨਗੀ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਿੱਖਿਆ ਵਿਭਾਗ ਅਤੇ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਨਾਲ ਸਬੰਧਤ ਮੁੱਦਿਆਂ ‘ਤੇ ਵਿਸਥਾਰਪੂਰਵਕ ਚਰਚਾ ਕੀਤੀ। ਇਸ ਮੌਕੇ ਸਕੱਤਰ ਖ਼ਰਚਾ ਡਾ. ਵੀ.ਐਨ. ਜ਼ਾਦੇ, ਸਕੱਤਰ ਸਿੱਖਿਆ ਅਨਿੰਦਿਤਾ ਮਿੱਤਰਾ, ਵਿਸ਼ੇਸ਼ ਸਕੱਤਰ ਪ੍ਰਸੋਨਲ ਉਪਕਾਰ ਸਿੰਘ, ਵਿਸ਼ੇਸ਼ ਸਕੱਤਰ ਵਿੱਤ ਅਜੈ ਅਰੋੜਾ ਅਤੇ ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਤਿੰਦਰ ਪਾਲ ਸਿੰਘ ਗਿੱਲ ਸਮੇਤ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਮੀਟਿੰਗ ਦੌਰਾਨ ਵਿੱਤ ਮੰਤਰੀ ਚੀਮਾ ਨੇ ਐਕਸ ਇੰਪਲਾਈਜ਼ ਵਿੰਗ ਆਮ ਆਦਮੀ ਪਾਰਟੀ, ਪੰਜਾਬ ਅਤੇ ਈ.ਟੀ.ਟੀ. ਟੈਟ ਪਾਸ ਅਧਿਆਪਕ ਯੂਨੀਅਨ (ਜੈ ਸਿੰਘ ਵਾਲਾ) ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ। ਅਧਿਆਪਕ ਜਥੇਬੰਦੀ ਦੇ ਨੁਮਾਇੰਦੇ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਕਿਰਿਆ ਅਧੀਨ ਹਨ। ਉਨ੍ਹਾਂ ਜਥੇਬੰਦੀ ਨੂੰ ਸਲਾਹ ਦਿੱਤੀ ਕਿ ਭਵਿੱਖ ਵਿੱਚ ਇਕਲੌਤੇ ਨੁਮਾਇੰਦੇ ਦੀ ਜਗ੍ਹਾ ਉੱਚ ਪੱਧਰੀ ਵਿਚਾਰ-ਵਟਾਂਦਰੇ ਲਈ ਚਾਰ-ਪੰਜ ਆਗੂਆਂ ਦਾ ਵਫ਼ਦ ਮੀਟਿੰਗ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਤਾਂ ਜੋ ਕਿਸੇ ਵੀ ਮੁੱਦੇ ‘ਤੇ ਵਧੇਰੇ ਸਾਰਥਕ ਚਰਚਾ ਕੀਤੀ ਜਾ ਸਕੇ ਅਤੇ ਸਹਿਮਤੀ ਬਣ ਸਕੇ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਜਨਵਰੀ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਵਕਾਲਤ ਵਿੱਚ ਨੀਤੀ ਦੇ ਮਾਰਗ ਤੋਂ ਚਲਨਾ ਚਾਹੀਦਾ ਹੈ

21 ਜੁਲਾਈ, 1950 ਦੇ ਦਿਨ ਡਾ. ਬਾਬਾਸਾਹੇਬ ਅੰਬੇਡਕਰ ਆਰੰਗਾਬਾਦ ਪਹੁੰਚੇ। ਸਟੇਸ਼ਨ ਤੇ ਸੁਆਗਤ ਲਈ ਤਹਸੀਲਦਾਰ



ਆਰ. ਗੋਵਿੰਦਰਾਓ ਦੇਸ਼ਪਾਂਡੇ, ਪੁਲਿਸ ਸੁਪਰਇੰਟੈਂਡੈਂਟ ਆਰ. ਹਰਿਸ਼ਚੰਦਰ, ਹੋਰ ਅਧਿਕਾਰੀ, ਸਥਾਨਕ ਨੇਤਾ, ਵਕੀਲ ਅਤੇ ਸ਼ੇ. ਕਾ. ਫੈਡਰੇਸ਼ਨ ਦੇ ਹਜ਼ਾਰਾਂ ਲੋਕ ਮੌਜੂਦ ਸਨ।

ਗਾਰਡ ਆਫ ਆਨਰ

ਫੁੱਲਾਂ ਦੀ ਮਾਲਾ ਅਰਪਿਤ ਹੋਣ ਤੋਂ ਬਾਅਦ ਡਾ. ਬਾਬਾਸਾਹਿਬ ਅੰਬੇਡਕਰ ਰੰਗਮੰਚ ਤੋਂ ਥੱਲੇ ਉਤਰ ਆਏ। ਸਥਾਨਕ ਪੁਲਿਸ ਤੋਂ ਗਾਰਡ ਆਫ ਆਨਰ ਸਵਿਕਾਰ ਕੀਤਾ। ਉਸ ਤੋਂ ਬਾਅਦ ਨਾਹਰਿਆਂ ਦੀ ਗੂੰਜ ਵਿੱਚ ਸ਼ੇਡਿਊਲਡ ਕਾਸਟਸ ਫੈਡਰੇਸ਼ਨ ਦੇ ਲੋਕਾਂ ਨੇ ਉਨ੍ਹਾਂ ਨੂੰ ਫੁੱਲਮਾਲਾਂ ਅਰਪਿਤ ਕੀਤੀਆਂ।

ਫਿਰ ਡਾ. ਬਾਬਾਸਾਹਿਬ ਅੰਬੇਡਕਰ ਪ੍ਰਿੰਸਿਪਲ ਲੇਖਾਪਾਲ ਅਤੇ ਆਰ. ਚਿਤਰੇ ਦੇ ਨਾਲ ਪੀਪਲਜ਼ ਸਿੱਖਿਆ ਸੋਸਾਇਟੀ ਦੀ ਇਮਾਰਤ ਦੇ ਵੱਲ ਰਵਾਨਾ ਹੋਏ। ਉੱਥੇ ਨਿਰੀਖਣ ਕਰਨ ਦੇ ਬਾਅਦ ਫਿਰ ਉਹ ਸੇਲੂੰਨ ਦੇ ਵੱਲ ਵਾਪਸ ਆਏ।

ਡਾ. ਬਾਬਾਸਾਹਿਬ ਅੰਬੇਡਕਰ ਕਾਲਜ ਦੇ ਸਮਾਰੋਹ ਵਿੱਚ ਮੌਜੂਦ ਰਹੇ ਅਤੇ ਉਨ੍ਹਾਂ ਨੇ ਕਾਲਜ ਦੀ ਨਵੀਂ ਇਮਾਰਤ ਦੀ ਜਗਹ ਦਾ ਮੁਆਇਨਾ ਕੀਤਾ। ਇਸ ਇਮਾਰਤ ਦੀ ਸਥਾਪਨਾਂ ਦਾ ਉਧਘਟਨ ਦਾ ਪਹਿਲਾ ਪੱਥਰ ਡਾ. ਬਾਬਾਸਾਹਿਬ ਦੇ ਕਰਕਮਲਾਂ ਦੁਆਰਾ ਰੱਖਿਆ ਜਾਣਾ ਸੀ।

ਕੋਰਟ ਨੂੰ ਭੇਟ

23 ਜੁਲਾਈ ਦੇ ਦਿਨ ਉਹ ਕਾਲਜ ਦੀ ਨਵੀਂ ਇਮਾਰਤ ਵੇਖਣ ਤੋਂ ਬਾਅਦ ਉਹ ਸੇਸ਼ਨ ਕੋਰਟ ਗਏ। ਸੇਸ਼ਨ ਕੋਰਟ ਦੇ ਜੱਜ ਆਰ. ਚੰਦਰਕਾਂਤ ਗੋਡਸੇ ਨੇ ਉਨ੍ਹਾਂ ਦਾ ਸੁਆਗਤ ਕੀਤਾ ਅਤੇ ਉਨ੍ਹਾਂ ਨੂੰ ਕੋਰਟ ਅਤੇ ਬਾਰ ਐਸੋਸੀਏਸ਼ਨ ਦਾ ਹਾਲ ਦਿਵਾਇਆ।

ਉਸ ਤੋਂ ਬਾਅਦ ਜੱਜ ਗੋਡਸੇ ਨੇ ਡਾ. ਸਾਹਿਬ ਬਾਰੇ ਕਿਹਾ ਡਾ. ਅੰਬੇਡਕਰ ਆਧੁਨਿਕ ਮਨੂੰ ਹਨ। ਉਸ ਤੋਂ ਬਾਅਦ ਡਾ. ਬਾਬਾਸਾਹਿਬ ਨੇ ਮੁੰਸਿਫ ਕੋਰਟ ਦਾ ਉਰਦੂ ਵਿੱਚ ਚੱਲਣ ਵਾਲਾ ਕੰਮਸਾਜ ਸੁਣਿਆ।

ਇਸ ਕੰਮਸਾਜ ਬਾਰੇ ਡਾ. ਬਾਬਾਸਾਹੇਬ ਅੰਬੇਡਕਰ ਨੇ ਕਿਹਾ-

ਉਰਦੂ ਵਿੱਚ ਜੋ ਕੰਮ ਚੱਲ ਰਿਹਾ ਸੀ, ਉਸਨੂੰ ਮੈਂ ਸਮਝ ਤਾਂ ਨਹੀਂ ਪਾਇਆ, ਪਰ ਉਹ ਸੰਤੋਸ਼ਜਨਕ ਸੀ, ਐਸਾ ਮੈਨੂੰ ਲੱਗਦਾ ਹੈ। ਕਈ ਵਾਰ ਮੇਰਾ ਮਨ ਇਸ ਗੱਲ ਦੀ ਚਿੰਤਾ ਵਿੱਚ ਵਿਗੜ ਜਾਂਦਾ ਹੈ ਕਿ ਕੋਰਟ ਦੀ ਭਾਸ਼ਾ ਕੀ ਹੋਵੇ। ਕੁਝ ਲੋਕ ਕਹਿੰਦੇ ਹਨ ਕਿ ਕੋਰਟ ਦੀ ਭਾਸ਼ਾ ਹਿੰਦੀ ਹੋਣੀ ਚਾਹੀਦੀ ਹੈ। ਤਾਂ ਕੁਝ ਲੋਕਾਂ ਦਾ ਕਹਿਣਾ ਹੈ- ਕੋਰਟ ਦੀ ਭਾਸ਼ਾ ਅੰਗਰੇਜ਼ੀ ਹੋਣੀ ਚਾਹੀਦੀ ਹੈ। ਸਥਾਨਕ ਭਾਸ਼ਾ ਵਿੱਚ ਕਾਨੂੰਨੀ ਸ਼ਬਦ ਪ੍ਰਗਟ ਨਹੀਂ ਹੋ ਸਕਦੇ, ਇਹ ਅਨੁਭਵ ਹੈ। ਉਦਾਹਰਨ ਲਈ ਇਕਵਿਟੀ ਸ਼ਬਦ ਦੇ ਲਈ ਯੋਗ ਸ਼ਬਦ ਨਹੀਂ ਹੈ। ਇਸ ਲਈ ਸਥਾਨਕ ਭਾਸ਼ਾ ਦਾ ਕੋਰਟ ਦੀ ਭਾਸ਼ਾ ਹੋਣਾ ਸਾਰਿਆਂ ਲਈ ਫਾਇਦੇਮੰਦ ਸ਼ਾਇਦ ਸਾਬਤ ਨਾ ਹੋਵੇ। ਇਸ ਨਾਲ ਕੰਮਕਾਜ ਵਿੱਚ ਕਈ ਮੁਸ਼ਕਲਾਂ ਪੈਦਾ ਹੋਣਗੀਆਂ। ਅਰਥਾਤ, ਰਾਸ਼ਟਰੀ ਭਾਸ਼ਾ ਦੇ ਕਾਰਯਸ਼ੀਲ ਹੋਣ ਤੋਂ ਬਾਅਦ ਉਨ੍ਹਾਂ ਨੂੰ ਆਪਣਾ ਯੋਗ ਸਥਾਨ ਮਿਲੇਗਾ।

ਮੈਨੂੰ ਵਕੀਲ ਦਾ ਪੇਸ਼ਾ ਬਹੁਤ ਪਸੰਦ ਹੈ। ਪਰ ਲੋਕਾਂ ਵਿੱਚ ਇਸ

"ਇਕੁਐਲਿਟੀ ਐਂਡ ਜਸਟਿਸ"
"Equality and Justice" Rs- 100/month ਸਵਤੰਤਰਤਾ, ਸਮਾਨਤਾ, ਭਾਈਚਾਰਾ



ਪੇਸ਼ੇ ਲਈ ਆਦਰ ਦੀ ਭਾਵਨਾ ਨਹੀਂ ਹੈ। ਭਾਰਤ ਵਿੱਚ ਵਕੀਲਾਂ ਤੇ ਕਈ ਦੋਸ਼ ਲਗਾਏ ਜਾਂਦੇ ਹਨ। ਕੇਂਦਰ ਸਰਕਾਰ ਤੋਂ ਮੁਕਤ ਹੋਣ ਦੇ ਬਾਅਦ ਮੈਂ ਇਸੇ ਪੇਸ਼ੇ ਨੂੰ ਆਪਣਾ ਜੀਵਨ ਸਮਰਪਿਤ ਕਰਨ ਵਾਲਾ ਹਾਂ। ਅੱਜ ਇਸ ਦੇਸ਼ ਵਿੱਚ ਯੋਗ ਵਕੀਲ ਬਹੁਤ ਘੱਟ ਹਨ। ਯੋਗ ਵਕੀਲ ਨ ਹੋਣ ਕਾਰਨ ਇਹ ਵਿਭਾਗ ਅਧੋਗਤੀ ਨੂੰ ਜਾਵੇਗਾ। ਅੱਜ ਇਸ ਪੇਸ਼ੇ ਨੂੰ ਬੁਰੇ ਦਿਨ ਦੇਖਣ ਪੈ ਰਹੇ ਹਨ, ਇਹ ਦੀ ਇੱਕ ਵਜ੍ਹਾ ਇਹ ਵੀ ਹੈ ਕਿ ਕੁਝ ਲੋਕ ਸੇਵਾਮੁਕਤੀ ਦੀ ਉਮਰ ਦੇ ਬਾਅਦ ਵੀ ਸੇਵਾਮੁੱਕਤੀ ਨਹੀਂ ਲੈਂਦੇ, ਨਵੇਂ ਲੋਕਾਂ ਨੂੰ ਕੰਮ ਕਰਨ ਦਾ ਮੌਕਾ ਨਹੀਂ ਦਿੰਦੇ। ਪੇਸ਼ੇ ਦੀ ਪ੍ਰਤਿਸ਼ਠਾ ਬਣੀ ਰਹੇ, ਇਸ ਲਈ ਨਵੇਂ ਵਕੀਲਾਂ ਨੂੰ ਮੌਕਾ ਦੇਣਾ ਜ਼ਰੂਰੀ ਹੈ।

ਇਸ ਪੇਸ਼ੇ ਵਿੱਚ ਮਰਯਾਦਾ ਰੱਖਣਾ ਬਹੁਤ ਜ਼ਰੂਰੀ ਹੈ, ਉਨ੍ਹਾਂ ਨੇ ਅੱਗੇ ਕਿਹਾ- ਕਾਨੂੰਨ ਦੇ ਗਿਆਨੀਆਂ ਦੁਆਰਾ ਆਜ਼ਾਦੀ, ਹੈਬਿਅਸ ਕੋਰਪਸ (ਹਰ ਮਨੁੱਖ ਦਾ ਇਨਸਾਫ ਲੈਣ ਦਾ ਕਾਨੂੰਨੀ ਅਧਿਕਾਰ ਹੈ) ਅਤੇ ਹੋਰ ਕੰਮਕਾਜ ਦਾ ਮਹੱਤਵ ਸਮਝ ਕੇ ਰਾਸ਼ਟਰ ਦੀ ਸੇਵਾ ਕੀਤੀ ਜਾਣੀ ਚਾਹੀਦੀ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਜਨਵਰੀ
INTERNATIONAL PAPER, 94636 01616
hardipchumber57@gmail.com

# ਕਾਨੂੰਨ ਦੀ ਨੈਤਿਕਤਾ ਅਤੇ ਭਾਸ਼ਾ 'ਤੇ ਡਾ. ਅੰਬੇਡਕਰ ਦੇ ਵਿਚਾਰ

ਇੰਜੀ. ਹਰਦੀਪ ਸਿੰਘ ਚੁੰਬਰ

## ਕਾਰਜਕਾਰੀ ਸਾਰ

ਇਹ ਬ੍ਰੀਫਿੰਗ ਦਸਤਾਵੇਜ਼ ਡਾ. ਬਾਬਾ ਸਾਹਿਬ ਅੰਬੇਡਕਰ ਦੇ 21-23 ਜੁਲਾਈ, 1950 ਨੂੰ ਔਰੰਗਾਬਾਦ ਦੌਰੇ ਦੌਰਾਨ ਕਾਨੂੰਨੀ ਪ੍ਰਣਾਲੀ ਬਾਰੇ ਦਿੱਤੇ ਗਏ ਵਿਚਾਰਾਂ ਦਾ ਸੰਸ਼ਲੇਸ਼ਣ ਕਰਦਾ ਹੈ। ਇਸ ਦੌਰੇ 'ਤੇ, ਉਨ੍ਹਾਂ ਨੇ ਕਾਨੂੰਨੀ ਪੇਸ਼ੇ ਦੀ ਨੈਤਿਕਤਾ, ਅਦਾਲਤਾਂ ਦੀ ਭਾਸ਼ਾ ਅਤੇ ਰਾਸ਼ਟਰ ਨਿਰਮਾਣ ਵਿੱਚ ਵਕੀਲਾਂ ਦੀ ਭੂਮਿਕਾ 'ਤੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ। ਮੁੱਖ ਨੁਕਤਿਆਂ ਵਿੱਚ ਅਦਾਲਤਾਂ ਲਈ ਸਥਾਨਕ ਭਾਸ਼ਾਵਾਂ ਦੀ ਵਰਤੋਂ ਦੀਆਂ ਵਿਹਾਰਕ ਚੁਣੌਤੀਆਂ ਸ਼ਾਮਲ ਹਨ, ਖਾਸ ਤੌਰ 'ਤੇ ਸਹੀ ਕਾਨੂੰਨੀ ਸ਼ਬਦਾਵਲੀ ਦੀ ਘਾਟ। ਡਾ. ਅੰਬੇਡਕਰ ਨੇ ਵਕਾਲਤ ਦੇ ਪੇਸ਼ੇ ਪ੍ਰਤੀ ਆਪਣਾ ਡੂੰਘਾ ਸਤਿਕਾਰ ਪ੍ਰਗਟ ਕੀਤਾ ਅਤੇ ਇਸ ਦੇ ਨਿਘਾਰ 'ਤੇ ਚਿੰਤਾ ਜ਼ਾਹਰ ਕੀਤੀ, ਜਿਸ ਦਾ ਕਾਰਨ ਯੋਗ ਵਕੀਲਾਂ ਦੀ ਘਾਟ ਅਤੇ ਬਜ਼ੁਰਗ ਪੇਸ਼ੇਵਰਾਂ ਦੁਆਰਾ ਨੌਜਵਾਨਾਂ ਨੂੰ ਮੌਕੇ ਨਾ ਦੇਣਾ ਹੈ। ਉਨ੍ਹਾਂ ਨੇ ਪੇਸ਼ੇ ਦੀ ਸ਼ਾਨ ਬਰਕਰਾਰ ਰੱਖਣ ਲਈ ਨੈਤਿਕ ਆਚਰਣ, ਮਰਿਆਦਾ ਅਤੇ ਨੌਜਵਾਨ ਵਕੀਲਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਅੰਤ ਵਿੱਚ, ਉਨ੍ਹਾਂ ਨੇ ਕਾਨੂੰਨੀ ਮਾਹਿਰਾਂ ਨੂੰ ਆਜ਼ਾਦੀ ਅਤੇ 'ਹੇਬੀਅਸ ਕਾਰਪਸ' ਵਰਗੇ ਸਿਧਾਂਤਾਂ ਦੀ ਮਹੱਤਤਾ ਨੂੰ ਸਮਝ ਕੇ ਰਾਸ਼ਟਰ ਦੀ ਸੇਵਾ ਕਰਨ ਦਾ ਸੱਦਾ ਦਿੱਤਾ।

## ਔਰੰਗਾਬਾਦ ਦਾ ਦੌਰਾ: ਸੰਦਰਭ ਅਤੇ ਘਟਨਾਕ੍ਰਮ

21 ਜੁਲਾਈ, 1950 ਨੂੰ ਡਾ. ਬਾਬਾ ਸਾਹਿਬ ਅੰਬੇਡਕਰ ਔਰੰਗਾਬਾਦ ਪਹੁੰਚੇ, ਜਿੱਥੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਮੌਕੇ 'ਤੇ ਹੇਠ ਲਿਖੇ ਮੁੱਖ ਸਮਾਗਮ ਹੋਏ:

* ਆਗਮਨ ਅਤੇ ਸਵਾਗਤ: ਸਟੇਸ਼ਨ 'ਤੇ ਤਹਿਸੀਲਦਾਰ ਗੋਵਿੰਦਰਾਓ ਦੇਸ਼ਪਾਂਡੇ, ਪੁਲਿਸ ਸੁਪਰਡੈਂਟ ਹਰੀਸ਼ਚੰਦਰ, ਹੋਰ ਅਧਿਕਾਰੀਆਂ, ਸਥਾਨਕ ਆਗੂਆਂ, ਵਕੀਲਾਂ ਅਤੇ ਸ਼ਡਿਊਲਡ ਕਾਸਟਸ ਫੈਡਰੇਸ਼ਨ ਦੇ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ।
* ਗਾਰਡ ਆਫ਼ ਆਨਰ: ਫੁੱਲਾਂ ਦੇ ਹਾਰ ਪਹਿਨਾਏ ਜਾਣ ਤੋਂ ਬਾਅਦ, ਉਨ੍ਹਾਂ ਨੇ ਸਥਾਨਕ ਪੁਲਿਸ ਵੱਲੋਂ ਦਿੱਤਾ ਗਿਆ 'ਗਾਰਡ ਆਫ਼ ਆਨਰ' ਸਵੀਕਾਰ ਕੀਤਾ।
* ਸੰਸਥਾਗਤ ਦੌਰੇ: ਉਹ ਪ੍ਰਿੰਸੀਪਲ ਲੇਖਾਪਾਲ ਅਤੇ ਆਰ. ਚਿਤਰੇ ਨਾਲ ਪੀਪਲਜ਼ ਐਜੂਕੇਸ਼ਨ ਸੁਸਾਇਟੀ ਦੀ ਇਮਾਰਤ ਦਾ ਨਿਰੀਖਣ ਕਰਨ ਗਏ। ਉਨ੍ਹਾਂ ਨੇ ਕਾਲਜ ਦੇ ਇੱਕ ਸਮਾਰੋਹ ਵਿੱਚ ਵੀ




ਸ਼ਿਰਕਤ ਕੀਤੀ ਅਤੇ ਨਵੀਂ ਇਮਾਰਤ ਲਈ ਜਗ੍ਹਾ ਦਾ ਮੁਆਇਨਾ ਕੀਤਾ, ਜਿਸ ਦਾ ਨੀਂਹ ਪੱਥਰ ਉਨ੍ਹਾਂ ਦੁਆਰਾ ਰੱਖਿਆ ਜਾਣਾ ਸੀ।

## ਅਦਾਲਤੀ ਕਾਰਵਾਈ 'ਤੇ ਵਿਚਾਰ

23 ਜੁਲਾਈ ਨੂੰ, ਡਾ. ਅੰਬੇਡਕਰ ਨੇ ਸੈਸ਼ਨਜ਼ ਕੋਰਟ ਦਾ ਦੌਰਾ ਕੀਤਾ, ਜਿੱਥੇ ਸੈਸ਼ਨਜ਼ ਜੱਜ ਚੰਦਰਕਾਂਤ ਗੋਡਸੇ ਨੇ ਉਨ੍ਹਾਂ ਦਾ ਸਵਾਗਤ ਕੀਤਾ। ਜੱਜ ਗੋਡਸੇ ਨੇ ਡਾ. ਅੰਬੇਡਕਰ ਨੂੰ "ਆਧੁਨਿਕ ਮਨੂੰ" ਕਹਿ ਕੇ ਸਨਮਾਨਿਤ ਕੀਤਾ। ਇਸ ਤੋਂ ਬਾਅਦ, ਡਾ. ਅੰਬੇਡਕਰ ਨੇ ਮੁਨਸਿਫ਼ ਕੋਰਟ ਵਿੱਚ ਉਰਦੂ ਵਿੱਚ ਚੱਲ ਰਹੀ ਕਾਰਵਾਈ ਨੂੰ ਸੁਣਿਆ। ਇਸ ਤਜਰਬੇ ਨੇ ਉਨ੍ਹਾਂ ਨੂੰ ਅਦਾਲਤਾਂ ਦੀ ਭਾਸ਼ਾ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਪ੍ਰੇਰਿਤ ਕੀਤਾ।

## ਅਦਾਲਤਾਂ ਦੀ ਭਾਸ਼ਾ 'ਤੇ ਚਿੰਤਾ

ਡਾ. ਅੰਬੇਡਕਰ ਨੇ ਅਦਾਲਤ ਦੀ ਭਾਸ਼ਾ ਦੇ ਮੁੱਦੇ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਦੇ ਮੁੱਖ ਨੁਕਤੇ ਹੇਠ ਲਿਖੇ ਅਨੁਸਾਰ ਸਨ:

* ਭਾਸ਼ਾਈ ਬਹਿਸ: ਉਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਕੁਝ ਲੋਕ ਅਦਾਲਤ ਦੀ ਭਾਸ਼ਾ ਹਿੰਦੀ ਬਣਾਉਣ ਦੇ ਹੱਕ ਵਿੱਚ ਹਨ, ਜਦਕਿ ਕੁਝ ਅੰਗਰੇਜ਼ੀ ਦਾ ਸਮਰਥਨ ਕਰਦੇ ਹਨ।
* ਸਥਾਨਕ ਭਾਸ਼ਾਵਾਂ ਦੀਆਂ ਸੀਮਾਵਾਂ: ਉਨ੍ਹਾਂ ਨੇ ਅਨੁਭਵ ਦੇ ਆਧਾਰ 'ਤੇ ਕਿਹਾ ਕਿ ਸਥਾਨਕ ਭਾਸ਼ਾਵਾਂ ਵਿੱਚ ਗੁੰਝਲਦਾਰ ਕਾਨੂੰਨੀ ਸ਼ਬਦਾਂ ਨੂੰ ਸਹੀ ਢੰਗ ਨਾਲ ਪ੍ਰਗਟ ਨਹੀਂ ਕੀਤਾ ਜਾ ਸਕਦਾ।
* ਸ਼ਬਦਾਵਲੀ ਦੀ ਚੁਣੌਤੀ: ਉਦਾਹਰਨ ਵਜੋਂ, ਉਨ੍ਹਾਂ ਨੇ ਦੱਸਿਆ ਕਿ "ਇਕੁਇਟੀ" (Equity) ਵਰਗੇ ਸ਼ਬਦ ਲਈ ਸਥਾਨਕ ਭਾਸ਼ਾਵਾਂ ਵਿੱਚ ਕੋਈ ਢੁਕਵਾਂ ਸ਼ਬਦ ਮੌਜੂਦ ਨਹੀਂ ਹੈ।
* ਵਿਹਾਰਕ ਮੁਸ਼ਕਲਾਂ: ਉਨ੍ਹਾਂ ਦਾ ਮੰਨਣਾ ਸੀ ਕਿ ਸਥਾਨਕ ਭਾਸ਼ਾਵਾਂ ਨੂੰ ਅਦਾਲਤੀ ਭਾਸ਼ਾ ਬਣਾਉਣਾ ਸਾਰਿਆਂ ਲਈ ਲਾਭਦਾਇਕ ਸਾਬਤ ਨਹੀਂ ਹੋਵੇਗਾ ਅਤੇ ਇਸ ਨਾਲ ਕੰਮਕਾਜ ਵਿੱਚ ਕਈ ਮੁਸ਼ਕਲਾਂ ਪੈਦਾ ਹੋਣਗੀਆਂ।
* ਰਾਸ਼ਟਰੀ ਭਾਸ਼ਾ ਦਾ ਭਵਿੱਖ: ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਜਦੋਂ ਰਾਸ਼ਟਰੀ ਭਾਸ਼ਾ ਕਾਰਜਸ਼ੀਲ ਅਤੇ ਸਮਰੱਥ ਹੋ ਜਾਵੇਗੀ, ਤਾਂ ਉਸ ਨੂੰ ਉਸਦਾ ਯੋਗ ਸਥਾਨ ਜ਼ਰੂਰ ਮਿਲੇਗਾ।

## ਕਾਨੂੰਨੀ ਪੇਸ਼ੇ ਦਾ ਵਿਸ਼ਲੇਸ਼ਣ

ਡਾ. ਅੰਬੇਡਕਰ ਨੇ ਵਕਾਲਤ ਦੇ ਪੇਸ਼ੇ ਬਾਰੇ ਵਿਸਥਾਰਪੂਰਵਕ ਵਿਚਾਰ ਪੇਸ਼ ਕੀਤੇ, ਜਿਸ ਨੂੰ ਉਹ ਬਹੁਤ ਪਸੰਦ ਕਰਦੇ ਸਨ ਅਤੇ ਕੇਂਦਰ ਸਰਕਾਰ ਤੋਂ ਮੁਕਤ ਹੋਣ ਤੋਂ ਬਾਅਦ ਆਪਣਾ ਜੀਵਨ ਇਸੇ ਨੂੰ ਸਮਰਪਿਤ ਕਰਨ ਦਾ ਇਰਾਦਾ ਰੱਖਦੇ ਸਨ।

### ਪੇਸ਼ੇ ਦੀ ਮੌਜੂਦਾ ਸਥਿਤੀ ਅਤੇ ਚੁਣੌਤੀਆਂ

ਉਨ੍ਹਾਂ ਨੇ ਪੇਸ਼ੇ ਦੀਆਂ ਮੌਜੂਦਾ ਕਮੀਆਂ 'ਤੇ ਚਿੰਤਾ ਜ਼ਾਹਰ ਕੀਤੀ:

**ਚੁਣੌਤੀ ਵੇਰਵਾ**

ਜਨਤਕ ਸਤਿਕਾਰ ਦੀ ਘਾਟ ਉਨ੍ਹਾਂ ਨੇ ਕਿਹਾ ਕਿ ਲੋਕਾਂ ਵਿੱਚ ਇਸ ਪੇਸ਼ੇ ਲਈ ਸਤਿਕਾਰ ਦੀ ਭਾਵਨਾ ਨਹੀਂ ਹੈ ਅਤੇ ਭਾਰਤ ਵਿੱਚ ਵਕੀਲਾਂ 'ਤੇ ਕਈ ਤਰ੍ਹਾਂ ਦੇ ਦੋਸ਼ ਲਗਾਏ ਜਾਂਦੇ ਹਨ।

ਯੋਗ ਵਕੀਲਾਂ ਦੀ ਕਮੀ ਦੇਸ਼ ਵਿੱਚ ਯੋਗ ਵਕੀਲਾਂ ਦੀ ਘਾਟ ਹੈ, ਜਿਸ ਕਾਰਨ ਇਹ ਵਿਭਾਗ ਪਤਨ ਵੱਲ ਜਾ ਸਕਦਾ ਹੈ।

ਨੌਜਵਾਨਾਂ ਲਈ ਮੌਕਿਆਂ ਦੀ ਘਾਟ ਉਨ੍ਹਾਂ ਨੇ ਕਿਹਾ ਕਿ ਪੇਸ਼ੇ ਦੇ "ਬੁਰੇ ਦਿਨ" ਆਉਣ ਦਾ ਇੱਕ ਕਾਰਨ ਇਹ ਵੀ ਹੈ ਕਿ ਕੁਝ ਬਜ਼ੁਰਗ ਲੋਕ ਸੇਵਾਮੁਕਤੀ ਦੀ ਉਮਰ ਤੋਂ ਬਾਅਦ ਵੀ ਕੰਮ ਨਹੀਂ ਛੱਡਦੇ, ਜਿਸ ਨਾਲ ਨੌਜਵਾਨਾਂ ਨੂੰ ਮੌਕੇ ਨਹੀਂ ਮਿਲਦੇ।

## ਸੁਧਾਰ ਅਤੇ ਨੈਤਿਕ ਮਾਰਗ-ਦਰਸ਼ਨ

ਡਾ. ਅੰਬੇਡਕਰ ਨੇ ਪੇਸ਼ੇ ਦੀ ਸ਼ਾਨ ਨੂੰ ਬਹਾਲ ਕਰਨ ਲਈ ਕਈ ਸੁਝਾਅ ਦਿੱਤੇ:

* ਨੈਤਿਕਤਾ ਦਾ ਮਾਰਗ: ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ, "ਵਕਾਲਤ ਦੇ ਪੇਸ਼ੇ ਵਿੱਚ ਨੀਤੀ ਦੇ ਮਾਰਗ ਤੋਂ ਚੱਲਣਾ ਚਾਹੀਦਾ ਹੈ।"
* ਨੌਜਵਾਨਾਂ ਨੂੰ ਮੌਕਾ: ਪੇਸ਼ੇ ਦੀ ਪ੍ਰਤਿਸ਼ਠਾ ਬਣਾਈ ਰੱਖਣ ਲਈ ਨੌਜਵਾਨ ਵਕੀਲਾਂ ਨੂੰ ਮੌਕਾ ਦੇਣਾ ਬਹੁਤ ਜ਼ਰੂਰੀ ਹੈ।
* ਮਰਿਆਦਾ ਦੀ ਪਾਲਣਾ: ਉਨ੍ਹਾਂ ਕਿਹਾ ਕਿ ਇਸ ਪੇਸ਼ੇ ਵਿੱਚ ਮਰਿਆਦਾ ਰੱਖਣੀ ਬਹੁਤ ਜ਼ਰੂਰੀ ਹੈ।

## ਰਾਸ਼ਟਰ ਨਿਰਮਾਣ ਵਿੱਚ ਵਕੀਲਾਂ ਦੀ ਭੂਮਿਕਾ

ਅੰਤ ਵਿੱਚ, ਡਾ. ਅੰਬੇਡਕਰ ਨੇ ਵਕੀਲਾਂ ਨੂੰ ਉਨ੍ਹਾਂ ਦੀ ਰਾਸ਼ਟਰੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ। ਉਨ੍ਹਾਂ ਦਾ ਮੰਨਣਾ ਸੀ ਕਿ ਕਾਨੂੰਨ ਦੇ ਪੰਡਤਾਂ ਨੂੰ ਰਾਸ਼ਟਰ ਦੀ ਸੇਵਾ ਕਰਨੀ ਚਾਹੀਦੀ ਹੈ। ਉਨ੍ਹਾਂ ਅਨੁਸਾਰ, ਇਹ ਸੇਵਾ ਆਜ਼ਾਦੀ, ਹੇਬੀਅਸ ਕਾਰਪਸ (Habeas Corpus), ਅਤੇ ਹੋਰ ਕਾਨੂੰਨੀ ਕਾਰਜਾਂ ਦੀ ਮਹੱਤਤਾ ਨੂੰ ਸਮਝ ਕੇ ਕੀਤੀ ਜਾਣੀ ਚਾਹੀਦੀ ਹੈ, ਜਿਸ ਨਾਲ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਹੋ ਸਕੇ ਅਤੇ ਕਾਨੂੰਨ ਦਾ ਰਾਜ ਮਜ਼ਬੂਤ ਹੋਵੇ।

# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

## ਕਿਹਾ, ਅਸੀਂ ਗੱਲਾਂ 'ਚ ਨਹੀਂ, ਕੰਮ ਕਰਨ 'ਚ ਰੱਖਦੇ ਹਾਂ ਵਿਸ਼ਵਾਸ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਜਨਵਰੀ
INTERNATIONAL PAPER, 9463601616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਮਾਡਲ ਟਾਊਨ ਸਥਿਤ ਆਪਣੇ ਦਫਤਰ ਵਿੱਚ ਸ਼ਾਮ ਚੁਰਾਸੀ ਵਿਧਾਨ ਸਭਾ ਹਲਕੇ ਅਤੇ ਜ਼ਿਲ੍ਹੇ ਦੇ ਹੋਰਨਾਂ ਹਲਕਿਆਂ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਲੋਕਾਂ ਨੂੰ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਲਈ ਸਰਕਾਰ ਹੈ, ਅਤੇ ਇਸ ਦਾ ਇਕੋ-ਇਕ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਦੇ ਕੰਮ ਸਮੇਂ ਸਿਰ ਅਤੇ ਬਿਨਾਂ ਕਿਸੇ ਰੁਕਾਵਟ ਦੇ ਪੂਰੇ ਹੋਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਭਰ ਵਿਚ ਵਿਕਾਸ ਕਾਰਜ ਤੇਜ਼ ਰਫ਼ਤਾਰ ਨਾਲ ਕੀਤੇ ਜਾ ਰਹੇ ਹਨ ਅਤੇ ਸਰਕਾਰ ਦਾ ਧਿਆਨ ਵਿਕਾਸ ਕਾਰਜਾਂ ਦੀ ਗੁਣਵੱਤਾ 'ਤੇ ਪੂਰੀ ਤਰ੍ਹਾਂ ਕੇਂਦਰਿਤ ਹੈ, ਜੋ ਕਿ ਪਿਛਲੀਆਂ ਸਰਕਾਰਾਂ ਦੁਆਰਾ ਕਦੇ ਨਹੀਂ ਦਿੱਤਾ ਗਿਆ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਚੱਲ ਰਹੇ ਜਾਂ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਲਈ ਕੰਮ ਕਰਨ ਵਾਲੀਆਂ ਕੰਪਨੀਆਂ ਨੂੰ ਜਵਾਬ ਦੇ ਬਣਾਇਆ ਜਾ ਰਿਹਾ ਹੈ ਜਦ ਕਿ ਪਿਛਲੇ ਸਮੇਂ ਦੌਰਾਨ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ। ਡਾ. ਰਵਜੋਤ ਸਿੰਘ ਨੇ ਅੱਗੇ ਕਿਹਾ ਕਿ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ ਵਿੱਚ ਲਿੰਕ ਸੜਕਾਂ ਦੇ ਹੋਣ ਵਾਲੇ ਕੰਮ ਸ਼ੁਰੂ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ, ਪਿੰਡਾਂ ਅਤੇ ਕਸਬਿਆਂ ਵਿੱਚ ਕੰਮ ਕੀਤਾ ਜਾਵੇਗਾ, ਜਿਨ੍ਹਾਂ ਨੂੰ ਵਿਕਾਸ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਡਾ ਕੰਮ ਸਿਰਫ਼ ਲੋਕਾਂ ਦੀ ਗੱਲ ਸੁਣਨਾ ਨਹੀਂ ਹੈ, ਸਗੋਂ ਉਸ ਕੰਮ ਨੂੰ ਪੂਰਾ ਕਰਨਾ ਹੈ, ਜਿਸ ਲਈ ਲੋਕਾਂ ਨੇ ਸਾਨੂੰ ਚੁਣਿਆ ਹੈ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਵੋਟਾਂ ਹਾਸਲ ਕਰਨ ਲਈ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਨੇਤਾਵਾਂ ਅਤੇ ਪਾਰਟੀਆਂ ਦੇ ਦਿਨ ਹੁਣ ਪੁੱਗ ਗਏ ਹਨ, ਕਿਉਂਕਿ ਲੋਕਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਗੱਲਾਂ ਕਰਨ ਵਾਲੇ ਲੋਕ ਕਦੀ ਕੰਮ ਨਹੀਂ ਕਰ ਸਕਦੇ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ, ਪੀ.ਏ ਪ੍ਰਦੀਪ ਸੈਣੀ, ਤਰਸੇਮ ਮੰਡਿਆਲਾ, ਹਰਪ੍ਰੀਤ ਸਿੰਘ ਧਾਮੀ, ਸਰਪੰਚ ਪਰਵਿੰਦਰ ਸਿੰਘ ਸੱਜਣਾ ਅਤੇ ਹੋਰ ਵੀ ਮੌਜੂਦ ਸਨ।

# ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਬੰਗਾ ਨੇ ਐਸਡੀਐਮ ਬੰਗਾ ਨੂੰ ਦਿੱਤਾ ਮੰਗ ਪੱਤਰ

## ਆਰਟੀਆਈ ਕਾਰਕੁੰਨ ਅਤੇ ਪੱਤਰਕਾਰਾਂ ਖਿਲਾਫ ਦਰਜ ਮਾਮਲਾ ਰੱਦ ਕਰਵਾਉਣ ਲਈ ਦਿੱਤਾ ਮੰਗ ਪੱਤਰ

"Equality and justice" Patiala 05 January
INTERNATIONAL PAPER, 9463601616
hardipchumber57@gmail.com



ਬੰਗਾ 5 ਜਨਵਰੀ (ਚਰਨਜੀਤ ਸੱਲ੍ਹਾਂ) :- ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਇਕਾਈ ਬੰਗਾ ਦੇ ਪ੍ਰਧਾਨ ਸੰਜੀਵ ਭਨੋਟ ਅਤੇ ਜ਼ਿਲ੍ਹਾ ਜਨਰਲ ਸਕੱਤਰ ਨਵਕਾਂਤ ਭਰੋਮਜਾਰਾ ਦੀ ਅਗਵਾਈ ਹੇਠ ਪਿਛਲੇ ਦਿਨੀਂ ਆਰ.ਟੀ.ਆਈ. ਕਾਰਕੁੰਨ ਅਤੇ ਪੱਤਰਕਾਰਾਂ ਖਿਲਾਫ ਦਰਜ ਕੀਤੇ ਕੇਸ ਦੇ ਵਿਰੋਧ ਵਿੱਚ ਅੱਜ ਇੱਕ ਮੰਗ ਪੱਤਰ ਐਸ ਡੀ ਐਮ ਬੰਗਾ ਵਿਪਨ ਭੰਡਾਰੀ ਨੂੰ ਦਿੱਤਾ ਗਿਆ। ਵਿਪਨ ਭੰਡਾਰੀ ਐਸ ਡੀ ਐਮ ਬੰਗਾ ਗਣਤੰਤਰ ਦਿਵਸ ਨੂੰ ਹੋਣ ਵਾਲੇ ਸਮਾਗਮ ਦੇ ਮੱਦੇਨਜ਼ਰ ਨਵਾਂਸ਼ਹਿਰ ਵਿਖੇ ਇਕ ਮੀਟਿੰਗ ਵਿੱਚ ਹਾਜ਼ਰ ਹੋਣ ਕਰਕੇ ਉਨ੍ਹਾਂ ਨੇ ਸਪੈਸ਼ਲ ਤੌਰ ਤੇ ਨਾਇਬ ਤਹਿਸੀਲਦਾਰ ਵਿਕਰਮ ਗੁੰਬਰ ਨੂੰ ਇਹ ਮੰਗ ਪੱਤਰ ਪ੍ਰਾਪਤ ਕਰਨ ਲਈ ਭੇਜਿਆ। ਸ੍ਰੀ ਵਿਕਰਮ ਗੁੰਬਰ ਨੇ ਇਹ ਮੰਗ ਪੱਤਰ ਪੱਤਰਕਾਰਾਂ ਤੋਂ ਪ੍ਰਾਪਤ ਕੀਤਾ ਅਤੇ ਉਨ੍ਹਾਂ ਵਿਸ਼ਵਾਸ਼ ਦਵਾਇਆ ਕਿ ਉਹ ਇਹ ਮੰਗ ਪੱਤਰ ਪ੍ਰੈਸ ਕੌਂਸਲ ਆਫ ਇੰਡੀਆ ਨਵੀਂ ਦਿੱਲੀ ਦੇ ਚੇਅਰਮੈਨ/ਸਕੱਤਰ ਨੂੰ ਪੁੱਜਦਾ ਕਰਨਗੇ। ਇਸ ਮੌਕੇ ਬੰਗਾ ਇਕਾਈ ਦੇ ਪ੍ਰਧਾਨ ਸੰਜੀਵ ਭਨੋਟ ਅਤੇ ਜ਼ਿਲ੍ਹਾ ਜਨਰਲ ਸਕੱਤਰ ਨਵਕਾਂਤ ਭਰੋਮਜਾਰਾ ਨੇ ਆਖਿਆ ਕਿ ਵਿਚਾਰਾਂ ਦੇ ਪ੍ਰਗਟਾਵੇ ਦੀ ਆਜਾਦੀ ਨੂੰ ਬਰਕਰਾਰ ਰੱਖਣ ਲਈ ਸਾਨੂੰ ਜਿੰਨਾ ਮਰਜੀ ਤਿੱਖਾ ਅਤੇ ਸਖਤ ਸੰਘਰਸ਼ ਕਰਨਾ ਪਵੇ, ਉਹ ਜਰੂਰ ਕਰਾਂਗੇ, ਨਹੀਂ ਤਾਂ ਆਉਣ ਵਾਲੀਆਂ ਹੋਰ ਸਰਕਾਰਾਂ ਵੀ ਇਸ ਤਰ੍ਹਾਂ ਦੇ ਕੋਝੇ ਹੱਥ ਕੰਡੇ ਵਰਤ ਕੇ ਵਿਚਾਰਾਂ ਦੇ ਪ੍ਰਗਟਾਵੇ ਦੀ ਅਜਾਦੀ ਲਈ ਖਤਰਾ ਪੈਦਾ ਕਰਨਗੀਆਂ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਆਪਣੀ ਹਰ ਸਟੇਜ ਤੋਂ ਬੜੀ ਪ੍ਰਮੁੱਖਤਾ ਨਾਲ ਆਰਟੀਆਈ ਕਾਨੂੰਨ ਦੀ ਵਰਤੋਂ ਵੱਧ ਤੋਂ ਵੱਧ ਕਰਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਿਆਸਤਦਾਨਾਂ ਅਤੇ ਅਫਸਰਾਂ ਨੂੰ ਸਵਾਲ ਕਰਨ ਦੀ ਵਕਾਲਤ ਕਰਦੇ ਸਨ। ਪਰ ਅੱਜ ਆਰਟੀਆਈ ਕਾਰਕੁੰਨ ਅਤੇ ਸਵਾਲ ਪੁੱਛਣ ਵਾਲੇ ਪੱਤਰਕਾਰਾਂ ਖਿਲਾਫ ਝੂਠਾ ਮਾਮਲਾ ਦਰਜ ਕਰਨ ਵਾਲੀ ਕਾਰਵਾਈ ਨੇ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਦਾ ਛੁਪਿਆ ਚਿਹਰਾ ਅਤੇ ਏਜੰਡਾ ਵੀ ਨੰਗਾ ਕਰ ਦਿੱਤਾ ਹੈ। ਸਮੂਹ ਪੱਤਰਕਾਰਾਂ ਨੇ ਕਿਹਾ ਕਿ ਹਰ ਲੇਖਕ, ਗਾਇਕ, ਗੀਤਕਾਰ, ਸਾਹਿਤਕਾਰ ਸਮੇਤ ਦੇਸ਼ ਦੀ 150 ਕਰੋੜ ਦੀ ਆਬਾਦੀ ਵਾਲੇ ਹਰ ਨਾਗਰਿਕ ਕੋਲ ਵਿਚਾਰਾਂ ਦੇ ਪ੍ਰਗਟਾਵੇ ਦੀ ਆਜਾਦੀ ਹੈ ਪਰ ਜੇਕਰ ਲੋਕਤੰਤਰ ਦੇ ਚੌਥੇ ਥੰਮ 'ਪ੍ਰੈਸ' ਖਿਲਾਫ ਹੀ ਐਮਰਜੈਂਸੀ ਲਾਗੂ ਕਰਕੇ ਝੂਠੇ ਮਾਮਲੇ ਦਰਜ ਕਰਕੇ ਪੱਤਰਕਾਰਾਂ ਦੀ ਆਵਾਜ ਦਬਾਉਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਇਸ ਨੂੰ ਦੇਸ਼ ਦੇ ਭਵਿੱਖ ਲਈ ਸ਼ੁੱਭ ਸੰਕੇਤ ਨਹੀਂ ਮੰਨਿਆ ਜਾ ਸਕਦਾ। ਇਸ ਮੌਕੇ ਵਿਕਰਮ ਗੁੰਬਰ ਨਾਇਬ ਤਹਿਸੀਲਦਾਰ ਬੰਗਾ ਨੂੰ ਪ੍ਰੈਸ ਕੌਂਸਲ ਆਫ ਇੰਡੀਆ ਨਵੀਂ ਦਿੱਲੀ ਦੇ ਨਾਮ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਕਿ 10 ਪੱਤਰਕਾਰਾਂ, ਆਰਟੀਆਈ ਕਾਰਕੁੰਨ ਅਤੇ ਸਮਾਜਸੇਵੀਆਂ ਖਿਲਾਫ ਦਰਜ ਕੀਤਾ ਮਾਮਲਾ ਰੱਦ ਕੀਤਾ ਜਾਵੇ। ਇਸ ਮੌਕੇ ਪ੍ਰਧਾਨ ਸੰਜੀਵ ਭਨੋਟ, ਜ਼ਿਲ੍ਹਾ ਜਨਰਲ ਸਕੱਤਰ ਨਵਕਾਂਤ ਭਰੋਮਜਾਰਾ, ਕੈਸ਼ੀਅਰ ਮਨੀਸ਼ ਚੁੱਘ, ਨਰਿੰਦਰ ਮਾਹੀ, ਮਨਜਿੰਦਰ ਸਿੰਘ, ਧਰਮਵੀਰ ਪਾਲ, ਕੁਲਦੀਪ ਸਿੰਘ ਪਾਬਲਾ, ਰਾਜ ਮਜਾਰੀ ਅਤੇ ਚਰਨਜੀਤ ਸੱਲਾਂ ਆਦਿ ਵੀ ਹਾਜਰ ਸਨ।

# ਡਾਕਟਰ ਅਵਤਾਰ ਸਿੰਘ ਕਰੀਮਪੁਰੀ: ਇੱਕ ਸਮਰਪਿਤ ਆਗੂ ਦੀ ਪ੍ਰੇਰਨਾਦਾਇਕ ਸ਼ਖ਼ਸੀਅਤ- ਲਾਲ ਸਿੰਘ ਸੁਲਹਾਣੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਜਨਵਰੀ
INTERNATIONAL PAPER, 9463601616
hardipchumber57@gmail.com





ਬੰਗਾ( ਚਰਨਜੀਤ ਸੱਲ੍ਹਾਂ )ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਅਜਿਹਾ ਨਾਮ ਹਨ ਜੋ ਸਮਰਪਣ, ਮਿਹਨਤ ਅਤੇ ਬਹੁਜਨ ਸਮਾਜ ਦੀ ਸੇਵਾ ਨਾਲ ਜੁੜਿਆ ਹੋਇਆ ਹੈ। ਬਹੁਜਨ ਸਮਾਜ ਪਾਰਟੀ (ਬਸਪਾ) ਦੇ ਪੰਜਾਬ ਇਕਾਈ ਦੇ ਪ੍ਰਧਾਨ ਵਜੋਂ ਉਹ ਨਾ ਸਿਰਫ਼ ਇੱਕ ਤਜਰਬੇਕਾਰ ਆਗੂ ਹਨ, ਸਗੋਂ ਇੱਕ ਵਿਦਵਾਨ ਅਤੇ ਸਮਾਜ ਸੁਧਾਰਕ ਵੀ ਹਨ। ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਵਿਦਿਆ, ਅਨੁਭਵ ਅਤੇ ਲੋਕ ਸੇਵਾ ਦਾ ਅਨੋਖਾ ਮੇਲ ਹੈ, ਜੋ ਉਨ੍ਹਾਂ ਨੂੰ ਪੰਜਾਬ ਦੀਆਂ ਹੋਰ ਰਾਜਨੀਤਕ ਪਾਰਟੀਆਂ ਦੇ ਆਗੂਆਂ ਤੋਂ ਵੱਖਰਾ ਬਣਾਉਂਦਾ ਹੈ। ਡਾਕਟਰ ਕਰੀਮਪੁਰੀ ਜੀ ਨੇ ਆਪਣੀ ਵਿਦਿਅਕ ਯਾਤਰਾ ਵਿੱਚ ਬਹੁਤ ਸਾਰੀਆਂ ਡਿਗਰੀਆਂ ਅਤੇ ਡਿਪਲੋਮੇ ਹਾਸਲ ਕੀਤੇ ਹਨ, ਜੋ ਉਨ੍ਹਾਂ ਨੂੰ ਪੰਜਾਬ ਦੇ ਰਾਜਨੀਤਿਕ ਆਗੂਆਂ ਵਿੱਚ ਸਭ ਤੋਂ ਵੱਧ ਪੜ੍ਹੇ-ਲਿਖੇ ਬਣਾਉਂਦੇ ਹਨ। ਉਨ੍ਹਾਂ ਦੀ ਵਿਦਿਆ ਨੇ ਉਨ੍ਹਾਂ ਨੂੰ ਸਮਾਜਿਕ ਮੁੱਦਿਆਂ ਨੂੰ ਡੂੰਘਾਈ ਨਾਲ ਸਮਝਣ ਅਤੇ ਹੱਲ ਕੱਢਣ ਦੀ ਸਮਰੱਥਾ ਦਿੱਤੀ ਹੈ। ਇਹ ਵਿਦਿਆ ਹੀ ਉਨ੍ਹਾਂ ਦੀ ਰਾਜਨੀਤੀ ਨੂੰ ਵਿਚਾਰਧਾਰਕ ਡੂੰਘਾਈ ਪ੍ਰਦਾਨ ਕਰਦੀ ਹੈ।

ਰਾਜਨੀਤਕ ਸਫ਼ਰ ਦੀ ਗੱਲ ਕਰੀਏ ਤਾਂ ਡਾਕਟਰ ਕਰੀਮਪੁਰੀ ਜੀ ਸਾਬਕਾ ਰਾਜ ਸਭਾ ਮੈਂਬਰ ਰਹਿ ਚੁੱਕੇ ਹਨ ਅਤੇ ਪੰਜਾਬ ਵਿੱਚ ਵਿਧਾਇਕ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ। ਉਹ ਕੌਮੀ ਪੱਧਰ ਦੇ ਆਗੂ ਹਨ, ਜਿਨ੍ਹਾਂ ਨੇ ਬਸਪਾ ਦੀ ਵਿਚਾਰਧਾਰਾ ਨੂੰ ਪੰਜਾਬ ਵਿੱਚ ਮਜ਼ਬੂਤ ਕਰਨ ਲਈ ਵੱਡਾ ਯੋਗਦਾਨ ਪਾਇਆ ਹੈ। ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਨੇ ਉਨ੍ਹਾਂ ਉੱਤੇ ਤਿੰਨ ਵਾਰ ਪੰਜਾਬ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਹੈ, ਜੋ ਉਨ੍ਹਾਂ ਦੇ ਤਜਰਬੇ ਅਤੇ ਵਿਸ਼ਵਾਸਯੋਗਤਾ ਦਾ ਸਬੂਤ ਹੈ। ਉਨ੍ਹਾਂ ਦੀ ਅਗਵਾਈ ਹੇਠ ਬਸਪਾ ਨੇ ਪੰਜਾਬ ਵਿੱਚ ਨਵੀਂ ਊਰਜਾ ਹਾਸਲ ਕੀਤੀ ਹੈ।

ਬਸਪਾ ਦੇ ਜਨਮਦਾਤਾ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਦਿਵਸ ਮੌਕੇ ਫਗਵਾੜਾ ਤੋਂ 15 ਮਾਰਚ 2025 ਨੂੰ ਸ਼ੁਰੂ ਹੋਈ 'ਪੰਜਾਬ ਸੰਭਾਲੋ ਮੁਹਿੰਮ' ਡਾਕਟਰ ਕਰੀਮਪੁਰੀ ਜੀ ਦੀ ਦੂਰਅੰਦੇਸ਼ੀ ਅਤੇ ਮਿਹਨਤ ਦਾ ਸਭ ਤੋਂ ਵੱਡਾ ਉਦਾਹਰਣ ਹੈ। ਇਸ ਮੁਹਿੰਮ ਰਾਹੀਂ ਉਨ੍ਹਾਂ ਨੇ ਨਸ਼ਿਆਂ ਵਿਰੁੱਧ ਜਨਤਕ ਅਭਿਆਨ ਚਲਾਇਆ, ਸਿੱਖਿਆ-ਸਿਹਤ ਵਿਵਸਥਾ ਦੀ ਬਿਹਤਰੀ ਲਈ ਅਵਾਜ਼ ਚੁੱਕੀ ਅਤੇ ਬੇਰੁਜ਼ਗਾਰੀ, ਕਿਸਾਨੀ ਸੰਕਟ ਵਰਗੇ ਮੁੱਦਿਆਂ ਉੱਤੇ ਲੋਕਾਂ ਨੂੰ ਜਾਗਰੂਕ ਕੀਤਾ। ਦਿਨ-ਰਾਤ ਮਿਹਨਤ ਕਰਕੇ ਉਨ੍ਹਾਂ ਨੇ ਪੰਜਾਬ ਅੰਦਰ ਬਸਪਾ ਨੂੰ ਮੁੜ ਖੜ੍ਹਾ ਕੀਤਾ ਹੈ। ਹਾਲ ਹੀ ਵਿੱਚ ਹੋਈਆਂ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਉਨ੍ਹਾਂ ਦੀ ਟੀਮ ਦੀ ਸਖ਼ਤ ਮਿਹਨਤ ਨੇ ਰੰਗ ਵਿਖਾਇਆ – ਬਸਪਾ ਨੇ 40ਬਲਾਕ ਸੰਮਤੀ ਤੇਪੰਜ ਜ਼ਿਲ੍ਹਾ ਪ੍ਰੀਸ਼ਦ ਸੀਟਾਂ ਜਿੱਤੀਆਂ ਹਨ, ਖਾਸ ਕਰ ਦੋਆਬਾ ਖੇਤਰ ਵਿੱਚ ਮਜ਼ਬੂਤ ਪ੍ਰਦਰਸ਼ਨ ਕੀਤਾ।

ਡਾਕਟਰ ਕਰੀਮਪੁਰੀ ਜੀ ਦਾ ਟੀਚਾ ਸਾਫ਼ ਹੈ – 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਨੂੰ ਸੱਤਾ ਵਿੱਚ ਹਿੱਸੇਦਾਰ ਬਣਾਉਣਾ। ਉਹ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਅਤੇ ਮਾਨਯੋਗ ਕਾਂਸ਼ੀ ਰਾਮ ਜੀ ਦੀ ਵਿਚਾਰਧਾਰਾ ਨੂੰ ਅੱਗੇ ਵਧਾ ਰਹੇ ਹਨ, ਜਿਸ ਵਿੱਚ ਬਹੁਜਨ ਸਮਾਜ ਦੀ ਬਰਾਬਰੀ ਅਤੇ ਸਸ਼ਕਤੀਕਰਨ ਮੁੱਖ ਹੈ। ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਨਿਮਰਤਾ, ਦ੍ਰਿੜ੍ਹਤਾ ਅਤੇ ਲੋਕਾਂ ਨਾਲ ਜੁੜਨ ਦੀ ਅਸਲੀ ਭਾਵਨਾ ਹੈ। ਉਹ ਨਾ ਸਿਰਫ਼ ਰਾਜਨੀਤੀ ਵਿੱਚ ਤਜਰਬੇਕਾਰ ਹਨ, ਸਗੋਂ ਲੋਕਾਂ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋ ਕੇ ਉਨ੍ਹਾਂ ਦਾ ਵਿਸ਼ਵਾਸ ਜਿੱਤਦੇ ਹਨ। ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਵਰਗੇ ਆਗੂ ਪੰਜਾਬ ਦੀ ਰਾਜਨੀਤੀ ਲਈ ਇੱਕ ਵਰਦਾਨ ਹਨ। ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਨਾਲ ਬਸਪਾ ਪੰਜਾਬ ਵਿੱਚ ਨਵੀਂ ਉਮੀਦ ਜਗਾ ਰਹੀ ਹੈ। ਉਹ ਸਾਬਤ ਕਰ ਰਹੇ ਹਨ ਕਿ ਸਹੀ ਵਿਚਾਰਧਾਰਾ ਅਤੇ ਅਟੱਲ ਮਿਹਨਤ ਨਾਲ ਬਦਲਾਅ ਸੰਭਵ ਹੈ। ਅਜਿਹੇ ਆਗੂ ਨੂੰ ਸਲਾਮ!

ਪੰਜਾਬੀਓ ਆਓ ਇਸ ਵਾਰ ਬਸਪਾ ਨੂੰ ਮੌਕਾ ਦਿਉ ਤੇ ਪੰਜਾਬ ਸੰਭਾਲੋ ਮੁਹਿੰਮ ਦਾ ਹਿਸਾ ਬਣੋ।

# ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸਾਬਕਾ ਸੂਬਾ ਪ੍ਰਧਾਨ ਕਾਮਰੇਡ ਗੁਰਨਾਮ ਸਿੰਘ ਗਿੱਲ ਨੂੰ ਸੈਂਕੜੇ ਸੇਜਲ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਇਗੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 05 ਜਨਵਰੀ
INTERNATIONAL PAPER, 9463601616
hardipchumber57@gmail.com



ਲੁਧਿਆਣਾ 4 ਜਨਵਰੀ

ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸਾਬਕਾ ਸੂਬਾ ਪ੍ਰਧਾਨ ,ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਸਾਬਕਾ ਮੀਤ ਪ੍ਰਧਾਨ ਅਤੇ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਸਰਪ੍ਰਸਤ ਕਾਮਰੇਡ ਗੁਰਨਾਮ ਸਿੰਘ ਗਿੱਲ 80 ਜੋ ਸੰਖੇਪ ਬੀਮਾਰੀ ਦੇ ਚਲਦਿਆਂ ਬੀਤੇ ਕੱਲ੍ਹ ਵਿਛੋੜਾ ਦੇ ਗਏ ਸਨ। ਉਨ੍ਹਾਂ ਦੇ ਅੰਤਿਮ ਸੰਸਕਾਰ ਤੋਂ ਪਹਿਲਾਂ ਅੱਜ ਪਰਿਵਾਰ ਅਤੇ ਰਿਸ਼ਤੇਦਾਰਾਂ ਵੱਲੋਂ ਆਖ਼ਰੀ ਰਸਮਾਂ ਕਰਨ ਉਪਰੰਤ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਜਥੇਬੰਦੀ ਦੀ ਤਰਫ਼ੋਂ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ , ਸੂਬਾ ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ , ਸੂਬਾ ਮੀਤ ਪ੍ਰਧਾਨ ਕਰਤਾਰ ਸਿੰਘ , ਬਾਰਡਰ ਜੋਨ ਦੇ ਆਗੂ ਕੁਲਵਿੰਦਰ ਸਿੰਘ ਬਾਗੜੀਆਂ , ਸਰਕਲ ਆਗੂ ਸੋਬਨ ਸਿੰਘ ਨੇ ਉਨ੍ਹਾਂ ਵੱਲੋਂ ਆਪਣੇ ਜੀਵਨ ਵਿੱਚ ਮਿਹਨਤਕਸ਼ ਜਮਾਤ ਦੀ ਨਿਰਸਵਾਰਥ ਰਹਿ ਕੇ ਸਰਕਾਰਾਂ ਦਾ ਤਸ਼ੱਦਦ ਝੱਲਦੇ ਹੋਏ ਸੁਚੱਜੀ ਅਗਵਾਈ ਕਰਦਿਆਂ ਲਾਲ ਝੰਡੇ ਦੀ ਰਹਿਨੁਮਾਈ ਹੇਠ ਦੱਬੇ ਕੁਚਲੇ ਲੋਕਾਂ ਦੀ ਬੰਦਖਿਲਾਸੀ ਲਈ ਦਿੱਤੀਆਂ ਸ਼ਾਨਦਾਰ ਸੇਵਾਵਾਂ ਦੇ ਬਦਲੇ ਸਨਮਾਨ ਵਜੋਂ ਮ੍ਰਿਤਕ ਦੇਹ ਤੇ ਏਟਕ ਜਥੇਬੰਦੀ ਦਾ ਲਾਲ ਝੰਡਾ ਅਤੇ ਲੋਈ ਪਾ ਕੇ ਅਤੇ ਲੁਧਿਆਣਾ ਜ਼ਿਲ੍ਹੇ ਦੀ ਭਾਰਤੀ ਕਮਿਊਨਿਸਟ ਪਾਰਟੀ ਦੀ ਤਰਫ਼ੋਂ ਕਾ. ਡੀ ਪੀ ਮੌੜ , ਕਾ.ਡਾ. ਅਰੁਨ ਮਿੱਤਰਾ , ਕਾ.ਐਮ ਐਸ ਭਾਟੀਆ, ਡਾ. ਰਾਜਿੰਦਰਪਾਲ ਸਿੰਘ ਔਲਖ , ਡਾ .ਅਜੀਤ ਸਿੰਘ ਕਾ. ਕਮੇਸਵਰ, ਕਾ. ਰਮੇਸ਼ ਰਤਨ ਨੇ ਪਾਰਟੀ ਦਾ ਝੰਡਾ ਪਾ ਕੇ ਅੰਤਿਮ ਵਿਦਾਇਗੀ ਦਿੱਤੀ । ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ ਸਬੰਧਤ ਏਟਕ ਦੇ ਸੂਬਾ ਪ੍ਰਧਾਨ ਰਾਧੇਸ਼ਿਆਮ , ਵਰਕਿੰਗ ਪ੍ਰਧਾਨ ਚਮਕੌਰ ਸਿੰਘ ਬੀਰਮੀ , ਮੀਤ ਪ੍ਰਧਾਨ ਕੇਵਲ ਸਿੰਘ ਬਨਵੈਤ , ਮੀਤ ਪ੍ਰਧਾਨ ਰਾਜ ਕੁਮਾਰ ਤਿਵਾੜੀ ,ਮੀਤ ਪ੍ਰਧਾਨ ਬਲਬੀਰ ਸਿੰਘ ਮਾਨ , ਸਰਕਲ ਆਗੂ ਮਨਜੀਤ ਸਿੰਘ ਮਨਸੂਰਾਂ , ਸੁਖਦੇਵ ਸਿੰਘ ਲਲਤੋਂ , ਜਸਵਿੰਦਰ ਸਿੰਘ ਰਾਣਾ , ਵਿਨੋਦ ਲੜੋਈਆ, ਸੂਚਾ ਸਿੰਘ , ਪੰਕਜ ਕੁਮਾਰ , ਜੋਗਿੰਦਰ ਕੁਮਾਰ ਜਗਰਾਉਂ , ਮੱਘਰ ਸਿੰਘ ਆਦਿ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਤੋਂ ਇਲਾਵਾ ਰਿਸ਼ਤੇਦਾਰਾਂ, ਸਕੇ ਸਬੰਧੀਆਂ ਨੇ ਸ਼ਾਮਲ ਹੋ ਕੇ ਉਨ੍ਹਾਂ ਦਾ ਅੰਤਿਮ ਸੰਸਕਾਰ ਸੁਨੇਤ ਪਿੰਡ ਦੀ ਸ਼ਮਸ਼ਾਨਘਾਟ ਵਿਖੇ ਵੱਡੇ ਪੁੱਤਰ ਅਮਰਜੀਤ ਸਿੰਘ ਵੱਲੋਂ ਚਿਖਾ ਨੂੰ ਅਗਨੀ ਦੇਣ ਉਪਰੰਤ ਸੈਂਕੜੇ ਸੇਜਲ ਅੱਖਾਂ ਨਾਲ ਕਰ ਦਿੱਤਾ ਗਿਆ। ਪਰਿਵਾਰ ਦੀ ਜਾਣਕਾਰੀ ਅਨੁਸਾਰ ਉਨ੍ਹਾਂ ਦੀ ਅੰਤਿਮ ਅਰਦਾਸ 11 ਜਨਵਰੀ ਦਿਨ ਐਤਵਾਰ ਨੂੰ ਗੁਰਦੁਆਰਾ ਗੁਰੂ ਤੇਗ ਬਹਾਦਰ ਸਿੰਘ ਸਭਾ , ਹਾਉਸਿੰਗ ਬੋਰਡ ਕਲੋਨੀ, ਲੁਧਿਆਣਾ ਵਿਖੇ 12 ਤੋਂ 2 ਵਜੇ ਤੱਕ ਹੋਵੇਗੀ।

# ਜਾਗਰੂਕਤਾ ਪ੍ਰੋਗਰਾਮਾਂ ਦੌਰਾਨ ਨਸ਼ਾ ਮੁਕਤ ਤੇ ਤੰਦਰੁਸਤ ਸਮਾਜ ਦੀ ਸਿਰਜਣਾ ਦਾ ਦਿੱਤਾ ਸੱਦਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਜਨਵਰੀ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਹੋਰਨਾਂ ਸਕੀਮਾਂ ਸਬੰਧੀ ਜਾਗਰੂਕ ਕਰਨ ਲਈ ਵੱਖ-ਵੱਖ ਪਿੰਡਾਂ ਅਤੇ ਸਕੂਲਾਂ, ਜਿਵੇਂ ਕਿ ਗ੍ਰਾਮ ਪੰਚਾਇਤ ਸਹੋਤਾ, ਗ੍ਰਾਮ ਪੰਚਾਇਤ ਰਵਿਦਾਸ ਨਗਰ ਆਦਮਵਾਲ, ਗ੍ਰਾਮ ਪੰਚਾਇਤ ਰਹੀਸੀਵਾਲ, ਗ੍ਰਾਮ ਪੰਚਾਇਤ ਗੱਦੀਵਾਲ, ਗ੍ਰਾਮ ਪੰਚਾਇਤ ਮੰਝਪੁਰ, ਗ੍ਰਾਮ ਪੰਚਾਇਤ ਮੀਰਪੁਰ ਅਤੇ ਓਟ ਕਲੀਨਿਕ ਸ਼ਾਮ ਚੁਰਾਸੀ ਵਿਖੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ ਨੌਜਵਾਨ ਪੀੜ੍ਹੀ ਨੂੰ ਨਸ਼ੇ ਤਿਆਗ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ਾ ਮੁਕਤ ਤੇ ਤੰਦਰੁਸਤ ਸਮਾਜ ਦੀ ਸਿਰਜਣਾ ਹੋ ਸਕੇ। ਇਸ ਦੌਰਾਨ ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ-ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ ਤੇ ਨਸ਼ਿਆਂ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ. ਐਕਟ ਦੇ ਕਾਨੂੰਨੀ ਉਪਬੰਦਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। 'ਬਾਲ ਵਿਵਾਹ ਮੁਕਤ ਭਾਰਤ' ਮੁਹਿੰਮ ਸਬੰਧੀ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੋ ਘੱਟ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ 'ਨਾਲਸਾ' ਦੀ ਵਾਤਾਵਰਨ ਕਾਨੂੰਨੀ ਸਾਖ਼ਰਤਾ ਅਤੇ ਭਾਈਚਾਰਕ ਸੁਰੱਖਿਆ ਪਹਿਲਕਦਮੀ, ਜਿਸ ਦਾ ਸਿਰਲੇਖ 'ਅੱਜ ਦੀ ਰੱਖਿਆ ਕਰੋ, ਕੱਲ੍ਹ ਨੂੰ ਸੁਰੱਖਿਅਤ ਕਰੋ' ਸੀ, ਬਾਰੇ ਦੱਸਦੇ ਹੋਏ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਪਿੰਡਾਂ ਵਿੱਚ ਪਰਾਲੀ ਨੂੰ ਨਾ ਸਾੜਿਆ ਜਾਵੇ, ਨਾ ਹੀ ਪਲਾਸਟਿਕ ਨੂੰ ਅੱਗ ਲਗਾਈ ਜਾਵੇ, ਕਿਉਂਕਿ ਇਸ ਦੇ ਧੂੰਏਂ ਤੋਂ ਪ੍ਰਦੂਸ਼ਨ ਹਵਾ ਵਿੱਚ ਫ਼ੈਲਦਾ ਹੈ, ਜਿਸ ਨਾਲ ਕਈ ਬਿਮਾਰੀਆਂ ਲੱਗਦੀਆਂ ਹਨ

# ਪੰਜਾਬ ਕੇਂਦਰੀ ਯੂਨੀਵਰਸਿਟੀ ਵਿਖੇ ਸੀਯੂਈਟੀ (ਪੀਜੀ)–2026 ਦੇ ਮਾਧਿਅਮ ਰਾਹੀਂ 50 ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਦਾਖ਼ਲੇ ਲਈ ਫਾਰਮ ਭਰਨ ਦਾ ਸੁਨਹਿਰੀ ਮੌਕਾ

"Equality and justice"
Patiala 05 January
INTERNATIONAL PAPER, 94636 01616
hardipchumber57@gmail.com




ਬਠਿੰਡਾ, 5 ਜਨਵਰੀ (ਅੰਗਰੇਜ ਸਿੰਘ ਵਿੱਕੀ) ਭਾਰਤ ਦੀਆਂ ਉੱਚ ਦਰਜਾ ਪ੍ਰਾਪਤ ਕੇਂਦਰੀ ਯੂਨੀਵਰਸਿਟੀਆਂ ਵਿੱਚੋਂ ਇੱਕ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਵੱਲੋਂ ਅਕਾਦਮਿਕ ਸੈਸ਼ਨ 2026–27 ਲਈ 50 ਪੋਸਟ ਗ੍ਰੈਜੂਏਟ ਡਿਗਰੀ ਪ੍ਰੋਗਰਾਮਾਂ ਵਿੱਚ ਸਾਂਝੀ ਯੂਨੀਵਰਸਿਟੀ ਦਾਖ਼ਲਾ ਪ੍ਰੀਖਿਆ [ਸੀਯੂਈਟੀ (ਪੀਜੀ)–2026] ਦੇ ਮਾਧਿਅਮ ਰਾਹੀਂ ਦਾਖ਼ਲੇ ਲਈ ਅਰਜ਼ੀਆਂ ਮੰਗੀਆਂ ਗਈਆਂ ਹਨ।ਵਰਣਨਯੋਗ ਹੈ ਕਿ ਪੰਜਾਬ ਕੇਂਦਰੀ ਯੂਨੀਵਰਸਿਟੀ ਨੂੰ ਨੈਕ ਵੱਲੋਂ 'ਏ ਪਲੱਸ' ਗ੍ਰੇਡ ਨਾਲ ਪ੍ਰਮਾਣਿਤ ਕੀਤਾ ਗਿਆ ਹੈ। ਇਸਦੇ ਨਾਲ ਹੀ, ਯੂਨੀਵਰਸਿਟੀ ਨੇ ਐਨਆਈਆਰਐਫ਼ ਇੰਡੀਆ ਰੈਂਕਿੰਗ 2025 (ਯੂਨੀਵਰਸਿਟੀ ਸ਼੍ਰੇਣੀ) ਵਿੱਚ 77ਵਾਂ ਸਥਾਨ ਅਤੇ ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗ 2026 ਵਿੱਚ 601–800 ਗਲੋਬਲ ਰੈਂਕ ਬੈਂਡ ਵਿੱਚ ਸਥਾਨ ਹਾਸਲ ਕਰਕੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਮਜ਼ਬੂਤ ਅਕਾਦਮਿਕ ਪਹਿਚਾਣ ਬਣਾਈ ਹੈ।ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਦਾਖ਼ਲੇ ਦੇ ਇੱਛਕ ਵਿਦਿਆਰਥੀ ਸੀਯੂਈਟੀ (ਪੀਜੀ)–2026 ਲਈ 14 ਜਨਵਰੀ, 2026 ਤੱਕ ਰਾਸ਼ਟਰੀ ਪ੍ਰੀਖਿਆ ਏਜੰਸੀ ਦੀ ਅਧਿਕਾਰਿਕ ਵੈੱਬਸਾਈਟ https://exams.nta.nic.in/cuet-pg/ ਰਾਹੀਂ ਆਨਲਾਈਨ ਅਰਜ਼ੀ ਜਮ੍ਹਾਂ ਕਰਵਾ ਸਕਦੇ ਹਨ। ਰਾਸ਼ਟਰੀ ਪ੍ਰੀਖਿਆ ਏਜੰਸੀ ਅਨੁਸਾਰ, ਸੀਯੂਈਟੀ (ਪੀਜੀ)–2026 ਦੀ ਪ੍ਰੀਖਿਆ ਮਾਰਚ 2026 ਵਿੱਚ ਕਰਵਾਈ ਜਾਵੇਗੀ।ਇਸ ਮੌਕੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਦੇਸ਼ ਭਰ ਦੇ ਵਿਦਿਆਰਥੀਆਂ ਅਤੇ ਖ਼ਾਸ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੀਯੂਈਟੀ (ਪੀਜੀ)–2026 ਲਈ ਅਰਜ਼ੀ ਦੇ ਕੇ ਇਸ ਮੌਕੇ ਦਾ ਲਾਭ ਉਠਾਉਣ। ਉਨ੍ਹਾਂ ਨੇ ਕਿਹਾ ਕਿ ਪੰਜਾਬ ਕੇਂਦਰੀ ਯੂਨੀਵਰਸਿਟੀ ਘੱਟ ਫੀਸ 'ਤੇ ਗੁਣਵੱਤਾਪੂਰਕ ਉੱਚ ਸਿੱਖਿਆ, ਮਜ਼ਬੂਤ ਰਿਸਰਚ ਵਾਤਾਵਰਣ ਅਤੇ ਜੀਵੰਤ ਅਕਾਦਮਿਕ ਮਾਹੌਲ ਪ੍ਰਦਾਨ ਕਰਦੀ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਮਜ਼ਬੂਤ ਅਕਾਦਮਿਕ ਆਧਾਰ ਦੇ ਨਾਲ ਅਕਾਦਮਿਕ, ਉਦਯੋਗਿਕ ਅਤੇ ਸਰਕਾਰੀ ਖੇਤਰਾਂ ਵਿੱਚ ਵਿਭਿੰਨ ਕੈਰੀਅਰ ਮੌਕਿਆਂ ਲਈ ਖੁਦ ਨੂੰ ਤਿਆਰ ਹੋਣ ਦਾ ਸੁਨਹਿਰੀ ਅਵਸਰ ਮਿਲਦਾ ਹੈ।ਪਿਛਲੇ ਅਕਾਦਮਿਕ ਸੈਸ਼ਨ ਤੱਕ ਯੂਨੀਵਰਸਿਟੀ ਵਿੱਚ 44 ਪੋਸਟ ਗ੍ਰੈਜੂਏਟ ਡਿਗਰੀ ਪ੍ਰੋਗਰਾਮ ਚਲਾਏ ਜਾ ਰਹੇ ਸਨ। ਇਨ੍ਹਾਂ ਵਿੱਚ ਕੰਪਿਊਟਰ ਸਾਇੰਸ ਅਤੇ ਤਕਨਾਲੋਜੀ; ਸਾਈਬਰ ਸਕਿਉਰਟੀ; ਗਣਿਤ; ਅੰਕੜਾ ਵਿਗਿਆਨ; ਭੌਤਿਕ ਵਿਗਿਆਨ; ਰਸਾਇਣ ਵਿਗਿਆਨ; ਅਪਲਾਈਡ ਕੈਮਿਸਟਰੀ; ਥਿਓਰੈਟੀਕਲ ਅਤੇ ਕੰਪਿਊਟੇਸ਼ਨਲ ਕੈਮਿਸਟਰੀ; ਬਾਇਓਇਨਫ਼ਾਰਮੈਟਿਕਸ; ਕੰਪਿਊਟੇਸ਼ਨਲ ਫਿਜਿਕਸ; ਬੌਟਨੀ; ਜ਼ੂਆਲੋਜੀ; ਬਾਇਓਕੈਮਿਸਟਰੀ; ਮਾਈਕਰੋਬਾਇਓਲੋਜੀ; ਜਿਓਲੋਜੀ; ਵਾਤਾਵਰਣ ਵਿਗਿਆਨ ਅਤੇ ਤਕਨਾਲੋਜੀ, ਫ਼ੂਡ ਸਾਇੰਸ ਅਤੇ ਤਕਨਾਲੋਜੀ; ਮੈਡੀਸਨਲ ਕੈਮਿਸਟਰੀ; ਮੋਲੀਕਿਉਲਰ ਮੈਡੀਸਨ; ਹਿਊਮਨ ਜੈਨੇਟਿਕਸ; ਫਾਰਮਾਸਿਉਟੀਕਲ ਕੈਮਿਸਟਰੀ; ਫਾਰਮਾਕੋਗਨੋਸੀ; ਫਾਰਮਾਕੋਲੋਜੀ; ਇਕਨਾਮਿਕਸ; ਸ਼ੋਸ਼ਿਆਲੋਜੀ; ਹਿਸਟਰੀ; ਸਾਇਕਾਲੋਜੀ; ਅੰਗਰੇਜ਼ੀ; ਹਿੰਦੀ; ਪੰਜਾਬੀ; ਪੋਲੀਟੀਕਲ ਸਾਇੰਸ; ਪੌਲੀਟਿਕਸ ਐਂਡ ਇੰਟਰਨੈਸ਼ਨਲ ਰਿਲੇਸ਼ਨਜ਼; ਐਜੂਕੇਸ਼ਨ; ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ; ਜੌਗਰਾਫ਼ੀ; ਐਗਰੀਬਿਜ਼ਨਸ; ਫ਼ਿਜ਼ੀਕਲ ਐਜੂਕੇਸ਼ਨ; ਲਾਇਬ੍ਰੇਰੀ ਅਤੇ ਇਨਫਰਮੇਸ਼ਨ ਸਾਇੰਸ; ਪਰਫਾਰਮਿੰਗ ਆਰਟਸ - ਥੀਏਟਰ; ਮਿਊਜ਼ਿਕ; ਕਾਨੂੰਨ ਅਤੇ ਵਣਜ (ਕਾਮਰਸ) ਵਿਸ਼ੇ ਸ਼ਾਮਲ ਹਨ।ਇਸ ਤੋਂ ਇਲਾਵਾ, ਯੂਨੀਵਰਸਿਟੀ ਵੱਲੋਂ ਅਕਾਦਮਿਕ ਸੈਸ਼ਨ 2026–27 ਤੋਂ ਛੇ ਨਵੇਂ ਪੋਸਟ ਗ੍ਰੈਜੂਏਟ ਪ੍ਰੋਗਰਾਮ ਸ਼ੁਰੂ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚ ਐਮ.ਐਸਸੀ. ਕਮਿਊਨਿਟੀ ਮੈਡੀਸਿਨ ਅਤੇ ਹੈਲਥ, ਐਮ.ਐਸਸੀ. ਬਾਇਓਟੈਕਨੋਲੋਜੀ, ਐਮਬੀਏ ਹਾਸਪਿਟੈਲਿਟੀ ਅਤੇ ਟੂਰਿਜ਼ਮ ਮੈਨੇਜਮੈਂਟ, ਐਮ.ਏ. ਪਬਲਿਕ ਪਾਲਿਸੀ ਅਤੇ ਗਵਰਨੈਂਸ, ਐਮ.ਏ. ਸਿਵਿਲਾਈਜ਼ੇਸ਼ਨ ਸਟੱਡੀਜ਼, ਅਤੇ ਐਮ.ਏ. ਰਿਲੀਜਿਅਸ ਸਟੱਡੀਜ਼ ਸ਼ਾਮਲ ਹਨ, ਜੋ ਯੂਨੀਵਰਸਿਟੀ ਦੇ ਅਕਾਦਮਿਕ ਢਾਂਚੇ ਨੂੰ ਹੋਰ ਵਿਸ਼ਾਲ ਕਰਨਗੇ।ਯੂਨੀਵਰਸਿਟੀ ਦੀ ਦਾਖਲਾ ਸ਼ਾਖਾ ਅਨੁਸਾਰ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਸੰਬੰਧੀ ਵਿਸਥਾਰਿਤ ਜਾਣਕਾਰੀ—ਜਿਵੇਂ ਕਿ ਪ੍ਰੋਗਰਾਮ ਸੰਰਚਨਾ, ਅਧਿਆਪਕ ਵਰਗ ਅਤੇ ਦਾਖਲਾ ਪ੍ਰਕਿਰਿਆ—ਪੰਜਾਬ ਕੇਂਦਰੀ ਯੂਨੀਵਰਸਿਟੀ ਦੀ ਅਧਿਕਾਰਿਕ ਵੈੱਬਸਾਈਟ (www.cup.edu.in) ਤੋਂ ਹਾਸਲ ਕੀਤੀ ਜਾ ਸਕਦੀ ਹੈ।

# ਪਾਵਰਕਾਮ ਦੇ ਮੁੱਖ ਦਫ਼ਤਰ ਸਾਹਮਣੇ ਲੜੀਵਾਰ ਭੁੱਖ ਹੜਤਾਲ ਦੇ ਪੰਜਵੇਂ ਦਿਨ ਸੰਘਰਸ਼ ਹੋਰ ਤੇਜ਼ ਕਰਨ ਦਾ ਕੀਤਾ ਅਹਿਦ

## ਬਿਜਲੀ ਸੋਧ ਬਿੱਲ 2025 ਅਤੇ ਹੋਰ ਮਾਰੂ ਨੀਤੀਆਂ ਖਿਲਾਫ਼ 16 ਜਨਵਰੀ ਦੇ ਸਾਂਝੇ ਰੋਸ ਪ੍ਰਦਰਸ਼ਨਾਂ ਵਿੱਚ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ

"Equality and justice"
Patiala 05 January
INTERNATIONAL PAPER, 94636 01616
hardipchumber57@gmail.com




ਪਟਿਆਲਾ 5 ਜਨਵਰੀ

ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਖਿਲਾਫ਼ ਅਤੇ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਦੇ ਮੁੱਦੇ ਨੂੰ ਲੈ ਕੇ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਸਾਂਝੇ ਥੜੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ , ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ) ਅਤੇ ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਸਾਂਝੇ ਸੱਦੇ ਤੇ ਨਵੇਂ ਸਾਲ ਦੀ ਆਮਦ ਦੇ ਪਹਿਲੇ ਦਿਨ 1 ਜਨਵਰੀ ਤੋਂ ਅਦਾਰੇ ਦੇ ਮੁੱਖ ਦਫ਼ਤਰ ਸਾਹਮਣੇ ਸ਼ੁਰੂ ਕੀਤੀ ਲੜੀਵਾਰ ਭੁੱਖ ਹੜਤਾਲ ਦੇ ਪੰਜਵੇਂ ਦਿਨ ਅੱਜ 15 ਆਗੂਆਂ ਨੇ 24 ਘੰਟੇ ਲਈ ਭੁੱਖ ਹੜਤਾਲ ਰੱਖ ਕੇ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਦੀਆਂ ਅਦਾਰੇ ਦੀ ਸਫ ਲਪੇਟਣ ਵਾਲੀਆਂ ਨੀਤੀਆਂ ਵਿਰੁੱਧ ਜੋਰਦਾਰ ਨਾਅਰੇਬਾਜ਼ੀ ਕੀਤੀ। ਕੜਾਕੇ ਦੀ ਠੰਡ ਦੇ ਮੌਸਮ ਵਿੱਚ ਵੀ ਅਦਾਰੇ ਦੀ ਸਲਾਮਤੀ ਲਈ ਪੰਜਾਬ ਦੇ ਦੂਰ ਦੁਰਾਡੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਭੁੱਖ ਪੜਤਾਲ ਕੈਂਪ ਵਿੱਚ ਇਕੱਤਰ ਹੋਏ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਜਥੇਬੰਦੀਆਂ ਦੇ ਸੂਬਾ ਪੱਧਰੀ ਆਗੂਆਂ ਬਲਦੇਵ ਸਿੰਘ ਮੰਢਾਲੀ , ਕੁਲਵਿੰਦਰ ਸਿੰਘ ਢਿੱਲੋਂ , ਬਲਜੀਤ ਕੁਮਾਰ ਧੀਮਾਨ, ਇੰਜੀ : ਹਰਮਨਦੀਪ , ਰਾਧੇਸ਼ਿਆਮ, ਮਨਜੀਤ ਸਿੰਘ ਚਾਹਲ , ਬੀ ਐਸ ਸੇਖੋਂ ,ਜਰਨੈਲ ਸਿੰਘ, ਲਖਵਿੰਦਰ ਸਿੰਘ , ਮਦਨ ਗੋਪਾਲ, ਵਰਿੰਦਰ ਬਾਜਵਾ , ਬਾਬਾ ਅਮਰਜੀਤ ਸਿੰਘ , ਕੁਲਦੀਪ ਸਿੰਘ ਚੌਹਾਨ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਦੀ ਨੀਤੀ ਅਦਾਰੇ ਨੂੰ ਖਤਮ ਕਰਨ ਵਾਲੀ ਹੈ। ਇਸੇ ਕਰਕੇ 75 ਪ੍ਰਤੀਸ਼ਤ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਅਗਵਾਈ ਕਰਨ ਵਾਲੀ ਲੀਡਰਸ਼ਿਪ ਨਾਲ ਟੇਬਲ ਤੇ ਬੈਠ ਕੇ ਵਿਚਾਰ ਕਰਨ ਲਈ ਨਾਂ ਤਾਂ ਅਦਾਰੇ ਦੇ ਮੰਤਰੀ ਅਤੇ ਨਾਂ ਹੀ ਮੈਨੇਜਿੰਗ ਡਾਇਰੈਕਟਰ ਤਿਆਰ ਹੋ ਰਹੇ ਹਨ ਕਿਉਂਕਿ ਉਨ੍ਹਾਂ ਕੋਲ ਮਹਿੰਗੀਆਂ ਜਾਇਦਾਦਾਂ ਵੇਚਣ ਬਾਰੇ ਕੋਈ ਤਰਕ ਨਹੀਂ । ਇਸੇ ਕਰਕੇ ਮੰਤਰੀ ਅਤੇ ਅਦਾਰੇ ਦੇ ਮੁੱਖੀ ਮਾਨ ਸਰਕਾਰ ਦੀ ਘਟੀਆ ਨੀਤੀ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਬੇਸ਼ਕੀਮਤੀ ਜਾਇਦਾਦਾਂ ਵੇਚ ਕੇ ਪਬਲਿਕ ਸੈਕਟਰ ਦੇ ਇਸ ਮਹੱਤਵਪੂਰਨ ਅਦਾਰੇ ਨੂੰ ਵਿੱਤੀ ਤੌਰ ਤੇ ਕਮਜ਼ੋਰ ਕਰਕੇ ਖਤਮ ਕਰਨਾ ਚਾਹੁੰਦੇ ਹਨ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੀ ਪਾਵਰ ਸੈਕਟਰ ਨੂੰ ਪੂੰਜੀਪਤੀਆਂ ਦੇ ਹਵਾਲੇ ਕਰਨ ਲਈ ਸੂਬਾ ਸਰਕਾਰ ਨਾਲ ਇੱਕ-ਮਿੱਕ ਹੈ । ਇਸ ਕਰਕੇ ਹਾਕਮਾਂ ਦੀਆਂ ਇਨ੍ਹਾਂ ਮਾਰੂ ਨੀਤੀਆਂ ਨਾਲ ਆਉਣ ਵਾਲੇ ਸਮੇਂ ਵਿੱਚ ਬਿਜਲੀ ਆਮ ਲੋਕਾਂ ਅਤੇ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ। ਆਗੂਆਂ ਨੇ ਬਿਜਲੀ ਸੋਧ ਬਿੱਲ 2025 ਦੇ ਲੋਕ ਵਿਰੋਧੀ ਖਰੜੇ ਅਤੇ ਚਾਰ ਲੇਬਰ ਕੋਡਾਂ ਖਿਲਾਫ਼ ਤਿੱਖੇ ਸੰਘਰਸ਼ਾਂ ਲਈ ਲਾਮਬੰਦੀ ਕਰਨ ਬਾਰੇ ਹਾਜ਼ਰੀਨ ਨੂੰ ਸੁਚੇਤ ਕਰਦੇ ਹੋਏ 16 ਜਨਵਰੀ ਦੇ ਸਾਂਝੇ ਰੋਸ ਪ੍ਰਦਰਸ਼ਨਾਂ ਨੂੰ ਕਾਮਯਾਬ ਕਰਨ ਲਈ ਵਹੀਰਾਂ ਘੱਤ ਕੇ ਪੂਰੇ ਪੰਜਾਬ ਦੇ ਡਿਪਟੀ ਕਮਿਸ਼ਨਰ ਦਫਤਰਾਂ ਸਾਹਮਣੇ ਪਹੁੰਚਣ ਦਾ ਸੱਦਾ ਦਿੱਤਾ। ਆਗੂਆਂ ਨੇ ਪਾਵਰ ਮੈਨੇਜਮੈਂਟ ਕੋਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਕੀਤੇ ਸਮਝੌਤੇ ਇੰਨ - ਬਿੰਨ ਲਾਗੂ ਕਰਨ ਦੀ ਜੋਰਦਾਰ ਮੰਗ ਕੀਤੀ । ਆਗੂਆਂ ਨੇ 16 ਪ੍ਰਤੀਸ਼ਤ ਮਹਿੰਗਾਈ ਭੱਤਾ ਜਾਰੀ ਕਰਨ ,ਕੱਚੇ ਕਾਮੇ ਪੱਕੇ ਕਰਨ , ਬਿਜਲੀ ਨਿਗਮ ਵਿੱਚ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰਨ ਦੀ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ । ਆਗੂਆਂ 21 ਜਨਵਰੀ ਨੂੰ ਅਦਾਰੇ ਦੇ ਮੁੱਖ ਦਫਤਰ ਅੱਗੇ ਦਿੱਤੇ ਜਾ ਰਹੇ ਸੂਬਾ ਪੱਧਰੀ ਲਾਮਿਸਾਲ ਰੋਸ ਧਰਨੇ ਦੀਆਂ ਜੋਰਦਾਰ ਤਿਆਰੀਆਂ ਕਰਨ ਅਤੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਬਾਰੇ ਹਾਜ਼ਰੀਨ ਨੂੰ ਅਹਿਦ ਕਰਕੇ ਜਾਣ ਦੀ ਅਪੀਲ ਕੀਤੀ। ਅੱਜ ਪੰਜਵੇਂ ਦਿਨ ਪੂਰੇ ਉਤਸਾਹ ਨਾਲ 15 ਮੁਲਾਜ਼ਮ ਅਤੇ ਪੈਨਸ਼ਨਰ ਆਗੂ ਬਰਜਿੰਦਰ ਸ਼ਰਮਾ, ਕੌਰ ਸਿੰਘ ਸੋਹੀ, ਬਲਵਿੰਦਰ ਸਿੰਘ, ਜਸਵੀਰ ਸਿੰਘ ਆਂਡਲੂ, ਸੁਖਵਿੰਦਰ ਭਗਤ, ਹਰਬੰਸ ਸਿੰਘ ਦੀਦਾਰਗੜ, ਧਰਮਿੰਦਰ ਕੁਲੇ, ਕਰਤਾਰ ਸਿੰਘ , ਮਦਨ ਗੋਪਾਲ , ਤਰਸੇਮ ਸਿੰਘ, ਗੁਰਸੇਵਕ ਸਿੰਘ, ਲਖਵਿੰਦਰ ਸਿੰਘ, ਅਵਤਾਰ ਸਿੰਘ ਬਰਾੜ, ਰਣਜੀਤ ਸਿੰਘ, ਅੰਮ੍ਰਿਤਪਾਲ ਸਿੰਘ ਸਮਰਾਲਾ 24 ਘੰਟੇ ਲਈ ਲੜੀਵਾਰ ਭੁੱਖ ਹੜਤਾਲ ਤੇ ਬੈਠੇ ।

# ਦੇਸ਼ ਭਗਤ ਯਾਦਗਾਰ ਕਮੇਟੀ ਦੀ ਹੋਈ ਇਕੱਤਰਤਾ, ਸਮੁੱਚੇ ਸਾਲ ਵਿੱਚ ਆਯੋਜਿਤ ਸਰਗਰਮੀਆਂ ਤੇ ਕੀਤੀ ਚਰਚਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 05 ਜਨਵਰੀ
INTERNATIONAL PAPER, 94636 01616
hardipchumber57@gmail.com




ਲੌਂਗੋਵਾਲ,5 ਜਨਵਰੀ (ਜਗਸੀਰ ਸਿੰਘ)-

ਦੇਸ਼ ਭਗਤ ਯਾਦਗਾਰ ਕਮੇਟੀ ਲੌਂਗੋਵਾਲ ਦੀ ਆਮ ਇਕੱਤਰਤਾ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਵਿੱਚ ਬਲਬੀਰ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਉਪਰੰਤ ਜਨਰਲ ਸਕੱਤਰ ਜੁਝਾਰ ਲੌਂਗੋਵਾਲ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮੀਟਿੰਗ ਵਿੱਚ ਸਾਲ ਭਰ ਵਿੱਚ ਸੰਸਥਾ ਵੱਲੋਂ ਹੋਈਆਂ ਸਰਗਰਮੀਆਂ ਤੇ ਚਰਚਾ ਹੋਈ ਜਿਸ ਵਿੱਚ 21ਵਾਂ ਮੇਲਾ ਦੇਸ਼ ਭਗਤਾਂ ਦਾ ਅਤੇ ਭਗਤ ਸਿੰਘ ਲਾਇਬ੍ਰੇਰੀ ਦੇ ਲੋਕ ਅਰਪਣ ਸਮਾਗਮ ਵੀ ਸ਼ਾਮਿਲ ਹੈ। ਮੀਟਿੰਗ ਵਿੱਚ ਸੰਸਥਾ ਦੇ ਵਿਤ ਸਕੱਤਰ ਅਨਿਲ ਕੁਮਾਰ ਸ਼ਰਮਾ, ਮੀਤ ਪ੍ਰਧਾਨ ਗੁਰਮੇਲ ਬਖਸ਼ੀਵਾਲਾ, ਮੀਡੀਆ ਮੁਖੀ ਬੀਰਬਲ ਸਿੰਘ ਤੋਂ ਇਲਾਵਾ ਸੀਨੀਅਰ ਮੈਂਬਰ ਦਾਤਾ ਸਿੰਘ ਨਮੋਲ, ਲਖਵੀਰ ਲੌਂਗੋਵਾਲ, ਸੰਦੀਪ ਸਿੰਘ,ਮਾ ਚੰਦਰ ਸ਼ੇਖਰ,ਮਾ ਸੁਰਿੰਦਰ ਸਿੰਘ, ਬਲਬੀਰ ਬੱਬੀ, ਗੁਰਮੇਲ ਸਿੰਘ,ਬਲਵੰਤ ਸਿੰਘ ਬੀਟਾ,ਰਾਮਗੋਪਾਲ ਟੁਣੀਆ ਆਦਿ ਹਾਜ਼ਰ ਸਨ। ਸਾਰੇ ਆਗੂਆਂ ਅਤੇ ਮੈਂਬਰਾਂ ਨੇ ਲਾਇਬ੍ਰੇਰੀ ਦੀ ਨਵੀਂ ਇਮਾਰਤ ਅਤੇ ਹਾਲ ਦੀ ਉਸਾਰੀ ਨੂੰ ਜਿੱਥੇ ਲੋਕਾਂ ਲਈ, ਲੋਕਾਂ ਦੁਆਰਾ ਬਣਾਉਣ ਦੀ ਗੱਲ ਆਖੀ ਉੱਥੇ ਲਾਇਬ੍ਰੇਰੀ ਦਾ ਸਵੇਰੇ ਸ਼ਾਮ ਖੁੱਲਣਾ ਸਾਹਿਤ ਪ੍ਰੇਮੀਆਂ ਅਤੇ ਵਿਦਿਆਰਥੀਆਂ ਲਈ ਨਿੱਗਰ ਸਮਾਜ ਦੀ ਸਥਾਪਨਾ ਦੀ ਬੁਨਿਆਦ ਦੱਸਿਆ। ਹੌਲੀ ਹੌਲੀ ਲਾਇਬ੍ਰੇਰੀ ਨੂੰ ਸਾਰਾ ਦਿਨ ਖੋਲਣ ਲਈ ਵਸੀਲੇ ਜੁਟਾਏ ਜਾਣਗੇ ਤਾਂ ਜੋ ਪੂਰੀ ਅਵਾਮ ਇਸ ਲਾਇਬ੍ਰੇਰੀ ਦਾ ਫਾਇਦਾ ਉਠਾ ਸਕਣ।ਇਸੇ ਮਹੀਨੇ ਨਵੀਂ ਆਗੂ ਟੀਮ ਦੀ ਚੋਣ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ।

# ਸਲਾਇਟ ਵਿਖੇ ਐਡਵਾਂਸਡ ਐਡੀਟਿਵ ਮੈਨੂਫੈਕਚਰਿੰਗ 'ਤੇ 5 ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦੀ ਸ਼ੁਰੂਆਤ

"Equality and justice" Patiala 05 January INTERNATIONAL PAPER, 94636 01616 hardipchumber57@gmail.com

ਲੌਂਗੋਵਾਲ, 5 ਜਨਵਰੀ (ਜਗਸੀਰ ਸਿੰਘ) - ਭਾਰਤ ਸਰਕਾਰ ਦੀ ਪ੍ਰਮੁੱਖ ਤਕਨੀਕੀ ਸੰਸਥਾ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ (ਸਲਾਇਟ) ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਵਿਖੇ ਅੱਜ 5



ਜਨਵਰੀ ਤੋਂ 9 ਜਨਵਰੀ ਤੱਕ ਚੱਲਣ ਵਾਲੇ "ਐਡਵਾਂਸਡ ਐਡੀਟਿਵ ਮੈਨੂਫੈਕਚਰਿੰਗ" 'ਤੇ ਕੇਂਦ੍ਰਿਤ 5 ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਸਲਾਈਡ ਸੰਸਥਾ ਦੇ ਡਾਇਰੈਕਟਰ ਪ੍ਰੋ. ਮਨੀਕਾਂਤ ਪਾਸਵਾਨ ਨੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਰਸਮੀ ਉਦਘਾਟਨ ਕੀਤਾ।ਇਸ ਸਮੇਂ ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਫੈਕਲਟੀ ਮੈਂਬਰਾਂ ਨੂੰ 3 ਡੀ ਪ੍ਰਿੰਟਿੰਗ, ਪਾਊਡਰ ਬੈੱਡ ਫਿਊਜ਼ਨ, ਅਤੇ ਨਿਰਦੇਸ਼ਿਤ ਊਰਜਾ ਡਿਪੋਜ਼ੀਸ਼ਨ ਵਰਗੀਆਂ ਉੱਨਤ ਤਕਨਾਲੋਜੀਆਂ ਵਿੱਚ ਸਿਖਲਾਈ ਦੇਵੇਗਾ। ਪ੍ਰੋ. ਪਾਸਵਾਨ ਨੇ ਜ਼ੋਰ ਦੇ ਕੇ ਕਿਹਾ ਕਿ ਐਡੀਟਿਵ ਮੈਨੂਫੈਕਚਰਿੰਗ ਭਾਰਤ ਦੇ ਨਿਰਮਾਣ ਖੇਤਰ ਨੂੰ ਸਵੈ-ਨਿਰਭਰ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਏਗੀ।

# ਸਾਡੇ ਕੋਲੋਂ ਕਿਸੇ ਦਾ ਬੁਰਾ ਨਾ ਹੋਵੇ ਸਭ ਨਾਲ ਪਿਆਰ ਨਾਲ ਰਹੀਏ- ਮਨਜੀਤ ਸਿੰਘ ਖਾਲਸਾ

"Equality and justice" Patiala 05 January INTERNATIONAL PAPER, 94636 01616 hardipchumber57@gmail.com

ਫਿ ਲੌ ਰ / ਅੱ ਪ ਰਾ , 5 ਜਨਵਰੀ (ਦੀਪਾ)- ਪਿੰਡ ਛੋਕਰਾਂ ਵਿਖੇ ਨਗਰ ਨਿਵਾਸੀਆਂ ਵਲੋਂ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਨਵੇਂ ਸਾਲ ਤੇ ਗੁਰਦੁਆਰਾ ਗੁਰੂ ਨਾਨਕ ਸਿੰਘ ਸਭਾ ਪਿੰਡ ਛੋਕਰਾਂ ਵਿਖੇ ਪਿੰਡ ਅਤੇ ਸਰਬੱਤ ਦੇ ਭਲੇ ਲਈ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਜਾਪ ਤੇ ਅਰਦਾਸ ਕਰਵਾਈ ਗਈ । ਇਸ ਮੌਕੇ ਛੋਟੇ ਬੱਚਿਆਂ ਨੇ ਸੰਗਤਾਂ ਨੂੰ ਕਵਿਤਾਵਾਂ ਰਾਂਹੀ ਨਿਹਾਲ ਕੀਤਾ।ਇਸ ਮੌਕੇ ਮੈਂਬਰ ਪੰਚਾਇਤ ਅਤੇ ਗੁਰਦੁਆਰਾ ਸਾਹਿਬ ਦੇ ਸੈਕਟਰੀ ਮਨਜੀਤ ਸਿੰਘ ਖਾਲਸਾ ਨੇ ਨਵੇਂ ਸਾਲ



ਦੀ ਵਧਾਈਆਂ ਦਿੰਦਿਆਂ ਆਖਿਆ ਕਿ 2026 ਚ ਸਭ ਦਾ ਭਲਾ ਮੰਗੀਏ ਤੇ ਸਭ ਦਾ ਭਲਾ ਕਰੀਏ ਇਸ ਸਾਲ ਸਾਡੇ ਤੋਂ ਕਿਸੇ ਦਾ ਬੁਰਾ ਨਾ ਹੋਵੇ ਅਸੀਂ ਸਭ ਨਾਲ ਪਿਆਰ ਨਾਲ ਰਹੀਏ ਤੇ ਗੁਰੂ ਨਾਲ ਜੁੜ ਕੇ ਆਪਣਾ ਸਮਾਂ ਬਤੀਤ ਕਰੀਏ ਚੰਗੇ ਤੇ ਭਲੇ ਦੇ ਕਾਰਜ ਕਰੀਏ। ਇਸ ਮੌਕੇ ਪੱਤਰਕਾਰ ਅਜਮੇਰ ਸਿੰਘ ਚਾਨਾ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਤੇ ਨਵੇਂ ਸਾਲ ਦੀ ਵਧਾਈ ਦਿੱਤੀ।ਸੇਵਾਦਾਰਾਂ ਵਲੋਂ ਅਜਮੇਰ ਸਿੰਘ ਚਾਨ ਨੂੰ ਅਤੇ ਗ੍ਰੰਥੀ ਸਿੰਘ ਭਾਈ ਅਵਤਾਰ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਸੰਗਤਾਂ ਵਿੱਚ ਦੁੱਧ ਮਠਿਆਈ ਦਾ ਲੰਗਰ ਅਤੁੱਟ ਵਰਤਾਇਆ ਗਿਆ।ਪ੍ਰਬੰਧਕਾਂ ਵਲੋਂ ਸਹਯੋਗੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੁਰਜੀਤ ਸਿੰਘ,ਖਜਾਨਚੀ ਗਿਆਨ ਸਿੰਘ ਸੈਕਟਰੀ ਮਨਜੀਤ ਸਿੰਘ ਖਾਲਸਾ, ਸਾਬਕਾ ਪ੍ਰਧਾਨ ਜਰਨੈਲ ਸਿੰਘ,ਮੱਖਣ ਸਿੰਘ ਇੰਸਪੈਕਟਰ, ਸੁਰਿੰਦਰ ਸਿੰਘ, ਰਣਜੀਤ ਸਿੰਘ ਪੰਚ ,ਗੁਰਨੇਕ ਸਿੰਘ, ਸਰਪੰਚ ਕਿਰਪਾਲ ਸਿੰਘ ਪਾਲੀ, ਪੰਚ ਛਿੰਦੇ, ਪੰਚ ਜਤਿੰਦਰਜੀਤ ਕੌਰ, ਪੰਚ ਕਿਰਨਜੀਤ ਕੌਰ, ਜਗਦੀਪ ਸਿੰਘ ਖਾਲਸਾ, ਗ੍ਰੰਥੀ ਅਵਤਾਰ ਸਿੰਘ, ਗੁਰਮੁੱਖ ਸਿੰਘ, ਕੁਲਦੀਪ ਸਿੰਘ ਖਾਲਸਾ, ਸਾਬਕਾ ਪੰਚ ਦੀਪਾ, ਪਰਮਜੀਤ ਕੌਰ ਸਾਬਕਾ ਪੰਚ, ਹਰਦੀਪ ਸਿੰਘ ਅੱਪਰਾ, ਬਲਵਿੰਦਰ ਸਿੰਘ, ਜਸਪ੍ਰੀਤ ਕੌਰ, ਗੁਰਬਖਸ਼ ਕੌਰ, ਸਤਵਿੰਦਰ ਕੌਰ, ਮਨਜੀਤ ਕੌਰ ਖਾਲਸਾ, ਪਰਮਜੀਤ ਕੌਰ, ਜਸਪ੍ਰੀਤ ਕੌਰ, ਪਰਮਜੀਤ ਕੌਰ ਪੰਮ ਆਦਿ ਸੇਵਾਦਾਰ ਹਾਜ਼ਰ ਸਨ।

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ

"Equality and justice" Patiala 05 January INTERNATIONAL PAPER, 94636 01616 hardipchumber57@gmail.com

ਫਿਲੌਰ/ਅੱਪਰਾ 5 ਜਨਵਰੀ (ਦੀਪਾ)-ਪਿੰਡ ਦੁਸਾਂਝ ਕਲਾਂ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਪੰਜ ਪਿਆਰਿਆਂ ਦੀ ਯੋਗ ਅਗਵਾਈ ਵਿੱਚ ਗੁਰੁਦੁਆਰਾ ਧਰਮਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਤੇ ਐਨ. ਆਰ. ਆਈ. ਆਈਜ਼



ਵੀਰਾਂ ਦੇ ਸਹਿਯੋਗ ਨਾਲ ਸਜਾਇਆ ਗਿਆ। ਇਹ ਨਗਰ ਕੀਰਤਨ ਪਿੰਡ ਦੇ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਇਸ ਨਗਰ ਕੀਰਤਨ ਮੌਕੇ ਢਾਡੀ ਉਂਕਾਰ ਸਿੰਘ ਮਾਨ ਟੂਟੋ ਮਜ਼ਾਰੇ ਵਾਲੀਆਂ ਨੇ ਆਇਆਂ ਸੰਗਤਾਂ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਇਸ ਸੰਗਤਾਂ ਵੱਲੋਂ ਥਾਂ-ਥਾਂ ਤੇ ਫਲ-ਫਰੂਟ ਅਤੇ ਚਾਹ ਰੀ ਪਕੌੜਿਆਂ ਦੇ ਲੰਗਰ ਅਤੁੱਟ ਲੰਗਰ ਵਰਤਾਏ ਗਏ। ਇਸ ਸਮੇਂ ਪ੍ਰਬੰਧਕ ਕਮੇਟੀ ਵੱਲੋਂ ਸਹਿਯੋਗੀ ਸੱਜਣਾਂ ਨੂੰ ਦਿੱਤੇ ਸਹਿਯੋਗ ਲਈ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜੋਗਿੰਦਰ ਸਿੰਘ, ਵਾਈਸ ਪ੍ਰਧਾਨ ਭੁਪਿੰਦਰ ਸਿੰਘ, ਸਕੱਤਰ ਸੁਖਵਿੰਦਰ ਸਿੰਘ, ਖ਼ਜ਼ਾਨਚੀ ਗੁਰਮੀਤ ਸਿੰਘ, ਅਵਤਾਰ ਸਿੰਘ ਛੋਟਾ, ਸਰਬਜੀਤ ਸਿੰਘ ਬੱਬੀ, ਬਲਵੀਰ ਸਿੰਘ ਤੋਂ ਇਲਾਵਾਂ ਭਾਰੀ ਗਿਣਤੀ ਵਿੱਚ ਸੰਗਤਾਂ ਆਦਿ ਹਾਜ਼ਰ ਸਨ। ਪ੍ਰਬੰਧਕ ਕਮੇਟੀ ਵੱਲੋਂ ਦਿੱਤੇ ਸਹਿਯੋਗ ਲਈ ਤਹਿਦਿਲੋਂ ਧੰਨਵਾਦ ਕੀਤਾ ਅਤੇ ਸਹਿਯੋਗੀ ਸੱਜਣਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਰਣਵੀਰ ਦੁਸਾਂਝ ਨੇ ਬਾਖ਼ੂਬੀ ਨਿਭਾਈ।

# ਪੰਜਾਬ ਐਂਡ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੀ ਕਰ ਰਿਹਾ ਵਣ ਵਿਭਾਗ ਉਲੰਘਣਾ

"Equality and justice" Patiala 05 January INTERNATIONAL PAPER, 94636 01616 hardipchumber57@gmail.com

ਪਟਿਆਲਾ : 5 ਜਨਵਰੀ 2026 ( ) ਅੱਜ ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ (ਰਜਿ: 88/11) ਪਟਿਆਲਾ ਦੇ ਨਹਿਰੂ ਪਾਰਕ ਵਿੱਚ ਇੱਕ ਵਿਸ਼ੇਸ਼ ਇਕੱਤਰਤਾ ਕਰਕੇ ਪੰਜਾਬ ਸਰਕਾਰ ਅਤੇ ਵਿੱਤ ਵਿਭਾਗ ਦੀ ਸ਼ਾਖਾ ਤੇ ਵਣ ਵਿਭਾਗ ਦੇ ਅਧਿਕਾਰੀ ਅਤੇ ਮੈਨੇਜਮੈਂਟ ਨਹੀਂ ਕਰ ਰਿਹਾ, ਤੇਹੀਨ ਮਿਤੀ 26—02—2024 ਨੂੰ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਜੋ ਹੁਕਮ ਪਾਸ ਕੀਤੇ ਸੀ ਦਿਹਾੜੀਦਾਰ ਕਾਮਿਆਂ ਨੂੰ ਮਿਨੀਮਮ ਵੇਜਿਜ਼ ਐਕਟ ਦੇ ਰੂਲਾਂ ਅਨੁਸਾਰ ਜੋ



ਦਿਹਾੜੀਦਾਰ ਕਾਮਾ 10 ਸਾਲ ਆਪਣੀ ਸੇਵਾ ਨਿਭਾ ਚੁੱਕਾ ਹੈ। ਉਸ ਕਿਰਤੀ ਨੂੰ ਬਣਦਾ ਏਰੀਅਰ ਬਕਾਇਆ ਦੇਣ ਲਈ ਹੁਕਮ ਹੋਏ ਸੀ। ਪਰ ਦੋ ਸਾਲ ਤੋਂ ਜੰਗਲਾਤ ਵਿਭਾਗ ਦੇ ਕਿਰਤੀ ਵਰਕਰਾਂ ਨੂੰ ਅੱਜ ਤੱਕ ਵੀ ਇਨਸਾਫ ਨਹੀਂ ਮਿਲਿਆ। ਜਦੋਂ ਕਿ ਵਿਭਾਗ ਦੇ ਹੋਰ ਵਣ ਮੰਡਲਾਂ ਦੇ ਵਿੱਚ ਬਣਦਾ ਏਰੀਅਰ ਬਕਾਇਆ ਜਾਰੀ ਹੋ ਚੁੱਕਾ ਹੈ। ਪਰ ਵਣ ਮੰਡਲ ਪਟਿਆਲਾ ਦੇ ਰਾਹੀਂ ਕਿਰਤੀ ਕਾਮਿਆਂ ਨੂੰ ਏਰੀਅਰ ਬਕਾਇਆ ਦੇਣ ਵਿੱਚ ਆਨਾ ਕਾਨੀ ਕੀਤੀ ਜਾ ਰਹੀ ਹੈ। ਉਸੇ ਜਨਵਰੀ 2025 ਤੋਂ ਹੁਣ ਤੱਕ ਵੱਖੋ—ਵੱਖ ਮਹੀਨਿਆਂ ਦੀਆਂ ਕੁੱਝ ਕਿਰਤੀ ਵਰਕਰਾਂ ਨੂੰ ਤਨਖਾਹਾਂ ਦੇਣ ਵਿੱਚ ਵੀ ਟਾਲ ਮਟੋਲ ਵਾਲੀ ਨੀਤੀ ਰਾਹੀ ਡੰਗ ਟਪਾਇਆ ਜਾ ਰਿਹਾ ਹੈ। ਕਈ ਕਿਰਤੀ ਕਾਮੇ ਵਿਭਾਗ ਤੋਂ ਬਹੁਤ ਨਿਰਾਸ਼ ਹਨ। ਜਿਨ੍ਹਾਂ ਨੂੰ ਇੱਕ ਸਾਲ ਤੋਂ ਵੀ ਤਨਖਾਹ ਨਹੀਂ ਦਿੱਤੀ ਗਈ। ਜਿਸ ਕਰਕੇ ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ, ਦਫਤਰ ਵਣ ਮੰਡਲ ਅਫਸਰ ਪਟਿਆਲਾ ਅੱਗੇ ਮਿਤੀ 15 ਜਨਵਰੀ 2026 ਤੋਂ ਲਗਾਤਾਰ ਪੱਕਾ ਰੋਸ ਧਰਨਾ ਸ਼ੁਰੂ ਕਰੇਗੀ। ਜਿਸਦੇ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰੀ ਵਿਭਾਗੀ ਮੈਨੇਜਮੈਂਟ ਦੀ ਹੋਵੇਗੀ। ਇਸ ਰੋਸ ਪ੍ਰਦਰਸ਼ਨ ਵਿੱਚ ਸਾਰੇ ਕਿਰਤੀ ਕਾਮੇ ਅਤੇ ਵਧ ਚੜ੍ਹ ਕੇ ਭਾਗ ਲੈਣਗੇ। ਇਸ ਮੌਕੇ ਸੂਬਾ ਪ੍ਰਧਾਨ ਬਲਵੀਰ ਸਿੰਘ ਮੰਡੋਲੀ, ਜਨਰਲ ਸਕੱਤਰ ਸੂਬਾ ਵੀਰ ਪਾਲ ਸਿੰਘ ਬੰਮਣਾ, ਮੇਜਰ ਸਿੰਘ ਬਹੇੜਾ, ਸੀਨੀਅਰ ਮੀਤ ਪ੍ਰਧਾਨ ਮਨਤੇਜ਼ ਸਿੰਘ ਮੋਹਾਲੀ, ਹਰਚਰਨ ਸਿੰਘ ਫ.ਗ.ਸ., ਹਰਪ੍ਰੀਤ ਸਿੰਘ ਰਾਜਪੁਰਾ, ਕੁਲਵਿੰਦਰ ਸਿੰਘ, ਲਾਜਵੰਤ ਕੌਰ ਸਮਾਣਾ ਆਦਿ ਹਾਜਰ ਸਨ।

# ਵਿਧਾਇਕ ਬੀਬੀ ਸਰਬਜੀਤ ਕੌਰ ਮਾਣੂੰਕੇ ਦਾ ਭਤੀਜਾ ਕਬੱਡੀ ਖਿਡਾਰੀ ਗਗਨਦੀਪ ਸਿੰਘ ਦਾ ਗੋਲੀਆਂ ਮਾਰ ਕੇ ਕਤਲ

"Equality and justice" Patiala 05 January INTERNATIONAL PAPER, 94636 01616 hardipchumber57@gmail.com

ਪੰਜਾਬ 'ਚ ਕਤਲਾਂ ਦੀਆਂ ਵਾਰਦਾਤਾਂ ਰੁਕ ਨਹੀਂ ਰਹੀਆਂ। ਤਾਜ਼ਾ ਮਾਮਲਾ ਜਗਰਾਓਂ ਤੋਂ ਸਾਹਮਣੇ ਆਇਆ ਹੈ, ਜਿਥੇ ਇੱਕ 32 ਸਾਲਾ ਨੌਜਵਾਨ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਨੌਜਵਾਨ ਗਗਨਦੀਪ ਸਿੰਘ, ਸਾਬਕਾ ਕਬੱਡੀ ਖਿਡਾਰੀ ਦੱਸਿਆ ਜਾ ਰਿਹਾ ਹੈ। ਪੁਲਿਸ ਨੇ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ, ਕਬੱਡੀ ਖਿਡਾਰੀ, ਆਮ ਆਦਮੀ ਪਾਰਟੀ ਦੀ ਹਲਕਾ ਵਿਧਾਇਕ ਬੀਬੀ ਸਰਬਜੀਤ ਕੌਰ ਮਾਣੂੰਕੇ ਦੇ ਰਿਸ਼ਤੇਦਾਰੀ ਵਿੱਚ ਭਤੀਜਾ ਲੱਗਦਾ ਸੀ। 32 ਸਾਲ ਦੇ ਕਬੱਡੀ ਖਿਡਾਰੀ ਗਗਨਦੀਪ ਸਿੰਘ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇੱਥੋਂ ਤੱਕ ਕਿ ਗਗਨਦੀਪ ਸਿੰਘ ਨੂੰ ਗੋਲੀਆਂ ਮਾਰਨ ਤੋਂ ਬਾਅਦ ਦਰਜਨ ਭਰ ਨੌਜ਼ਵਾਨ ਬੜਕਾਂ ਮਾਰ ਕੇ ਗਗਨਦੀਪ ਦੇ ਘਰ ਦੇ ਬਾਹਰ ਉੱਚੀ ਆਵਾਜ਼ ਵਿਚ ਕਹਿ ਕੇ ਗਏ ਕਿ ਤੁਹਾਡੇ ਮੁੰਡੇ ਨੂੰ ਠੋਕ ਦਿੱਤਾ ਹੈ ਤੇ ਤੁਹਾਡਾ ਮੁੰਡਾ ਖੇਤਾਂ ਵਿਚ ਪਿਆ ਹੈ।

ਪਤਾ ਲੱਗਣ 'ਤੇ ਘਰ ਤੇ ਪਿੰਡ ਦੇ ਹੋਰ ਮੁੰਡੇ ਖੇਤਾਂ ਵਿਚ ਲਹੂ-ਲੁਹਾਨ ਹੋਏ ਪਏ ਗਗਨਦੀਪ ਸਿੰਘ ਨੂੰ ਚੱਕ ਕੇ ਸਿਵਿਲ ਹਸਪਤਾਲ ਜਗਰਾਓਂ ਪਹੁੰਚੇ ਤਾਂ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

ਹਸਪਤਾਲ ਪਹੁੰਚੀ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ

ਇਸ ਮੌਕੇ ਹਲਕਾ ਵਿਧਾਇਕ ਬੀਬੀ ਸਰਬਜੀਤ ਕੌਰ ਮਾਣੂੰਕੇ ਵੀ ਸਿਵਿਲ ਹਸਪਤਾਲ ਪਹੁੰਚੀ ਤੇ ਪੁਲਿਸ ਨੂੰ ਸਪੱਸ਼ਟ ਕਿਹਾ ਕਿ ਉਹ ਦਿਨ-ਰਾਤ ਇੱਕ ਕਰਕੇ ਗਗਨਦੀਪ ਦੇ ਕਾਤਿਲਾਂ ਨੂੰ ਗ੍ਰਿਫ਼ਤਾਰ ਕਰਨ। ਉਨ੍ਹਾਂ ਕਿਹਾ ਕਿ ਉਹ ਆਪਣੇ ਇਲਾਕੇ ਵਿਚ ਕਿਸੇ ਵੀ ਤਰ੍ਹਾਂ ਦੀ ਗੁੰਡਾਗਰਦੀ ਬਰਦਾਸ਼ਤ ਨਹੀਂ ਕਰਨਗੇ।

3 ਬੱਚਿਆਂ ਦਾ ਪਿਤਾ ਸੀ ਗਗਨਦੀਪ ਸਿੰਘ

ਇਸ ਮੌਕੇ ਮ੍ਰਿਤਕ ਦੀ ਪਤਨੀ ਤੇ ਉਸਦੇ ਭਰਾ ਨੇ ਵੀ ਦਸਿਆ ਕਿ ਗਗਨਦੀਪ ਸਿੰਘ ਕਬੱਡੀ ਖੇਡਦਾ ਸੀ ਤੇ ਪਿੰਡ ਦੇ ਹੀ ਕਬੱਡੀ ਖਿਡਾਰੀ ਏਕਮ ਸਿੰਘ ਨੂੰ ਪਿੰਡ ਦੇ ਕੁਝ ਨੌਜ਼ਵਾਨ ਤੰਗ ਪਰੇਸ਼ਾਨ ਕਰਦੇ ਸਨ ਤੇ ਗਗਨਦੀਪ ਉਨ੍ਹਾਂ ਨੌਜਵਾਨਾਂ ਨੂੰ ਏਕਮ ਸਿੰਘ ਨੂੰ ਤੰਗ ਪਰੇਸ਼ਾਨ ਕਰਨ ਤੋਂ ਰੋਕਦਾ ਸੀ, ਜਿਸ ਕਰਕੇ ਅੱਜ ਉਨ੍ਹਾਂ ਦਰਜਨ ਭਰ ਨੌਜਵਾਨਾਂ ਨੇ ਗਗਨਦੀਪ ਨੂੰ



ਗੋਲੀਆਂ ਮਾਰ ਦਿੱਤੀਆਂ। ਉਨ੍ਹਾਂ ਇਹ ਵੀ ਦਸਿਆ ਕਿ ਗਗਨਦੀਪ ਤਿੰਨ ਬੱਚਿਆਂ ਦਾ ਬਾਪ ਸੀ, ਜਿਨ੍ਹਾਂ ਵਿਚ ਦੋ ਕੁੜੀਆਂ ਤੇ ਇਕ ਮੁੰਡਾ ਸੀ।

ਇਸ ਮੌਕੇ ਐਸਐਚਓ ਕੁਲਦੀਪ ਕੁਮਾਰ ਨੇ ਦੱਸਿਆ ਕਿ ਪਿੰਡ ਮਾਣੂੰਕੇ ਵਿਚ ਗੋਲੀ ਚਲੀ ਹੈ ਤੇ ਪਰਿਵਾਰਿਕ ਮੈਂਬਰਾਂ ਦੇ ਬਿਆਨਾਂ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਗਗਨਦੀਪ ਦੀ ਮੌਤ ਦੇ ਕਾਰਨਾਂ ਬਾਰੇ ਅਜੇ ਪਤਾ ਕਰਨ ਦੀ ਗੱਲ ਕਹੀ।

# ਪਲਾਸਟਿਕ/ਪੋਲੀਥੀਨ ਤੇ ਲੱਗੇ ਰੋਕ

"Equality and justice" Patiala 05 January INTERNATIONAL PAPER, 94636 01616 hardipchumber57@gmail.com

ਅੰਗਰੇਜ ਸਿੰਘ ਵਿੱਕੀ,
ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ),
ਮੋ. 98888 70822,

ਅੱਜ ਕੱਲ ਕਿਸੇ ਪਾਸੇ ਮਰਜ਼ੀ ਨਜ਼ਰ ਮਾਰੋ ਹਰ ਪਾਸੇ ਪਲਾਸਟਿਕ ਅਤੇ ਪੋਲੀਥੀਨ ਦਾ ਕਚਰਾ ਹੀ ਕਚਰਾ ਨਜ਼ਰ ਆਉਂਦਾ ਹੈ। ਇਹ ਕਚਰਾ ਅਜਿਹੀ ਕਿਸਮ ਦਾ ਹੁੰਦਾ ਹੈ , ਜਿਹੜਾ ਛੇਤੀ ਕਰਕੇ ਗਲਦਾ ਹੀ ਨਹੀਂ । ਸ਼ਹਿਰਾਂ, ਕਸਬਿਆਂ ਵਿੱਚ ਇਸ ਕਚਰੇ ਦੇ ਵੱਡੇ ਵੱਡੇ ਢੇਰ ਆਮ ਹੀ ਵੇਖੇ ਜਾ ਸਕਦੇ ਹਨ। ਕਈ ਵਾਰ ਪੋਲੀਥੀਨ ਨੂੰ ਖਾਣ ਕਰਕੇ ਪਸ਼ੂਆਂ ਦੀ ਮੌਤ ਵੀ ਹੋ ਜਾਂਦੀ ਹੈ। ਇਸ ਤੋਂ ਇਲਾਵਾ ਸੀਵਰੇਜ਼ ਨੂੰ ਇਹੀ ਪਲਾਸਟਿਕ ਕਚਰਾ ਅਤੇ ਪੋਲੀਥੀਨ ਹੀ ਬੰਦ ਕਰਦੇ ਹਨ। ਕਈ ਮੁਲਕਾਂ ਵਿੱਚ ਮਨੁੱਖੀ ਸਿਹਤ ਲਈ ਨੁਕਸਾਨਦਾਇਕ ਹੋਣ ਕਰਕੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਹੋਈ ਹੈ। ਪਲਾਸਟਿਕ ਅਤੇ ਪੋਲੀਥੀਨ ਦੇ ਕਣ ਮਨੁੱਖੀ ਸਰੀਰ ਅੰਦਰ ਜਾਣ ਕਰਕੇ ਕੈਂਸਰ ਸਮੇਤ ਹੋਰ ਵੀ ਕਈ ਗੰਭੀਰ ਬਿਮਾਰੀਆਂ ਦਾ ਕਾਰਨ ਬਣਦੇ ਹਨ। ਪਿੰਡਾਂ ਵਿੱਚ ਪਸ਼ੂਆਂ ਦੇ ਕੂੜਾ ਖਾਦ ਵਿੱਚ ਮਿਲਕੇ ਖੇਤ ਵਿੱਚ ਜਾਣ ਕਰਕੇ ਧਰਤੀ ਦੀ ਉਪਜਾਊ ਸ਼ਕਤੀ ਵੀ ਵੱਡੇ ਪੱਧਰ ਤੇ ਘਟਾਉਂਦੇ ਹਨ। ਵਿਸ਼ਵ ਪੱਧਰੀ ਇਸ ਸਮੱਸਿਆਂ ਨੂੰ ਠੱਲ ਪਾਉਣ ਲਈ ਸਰਕਾਰਾਂ ਅਤੇ ਆਮ ਲੋਕਾਂ ਨੂੰ ਮਿਲ ਕੇ ਇਸਦਾ ਬਦਲ ਲੱਭਣਾ ਚਾਹੀਦਾ ਹੈ। ਲੋਕਾਂ ਨੂੰ ਇਸਦੀ ਵਰਤੋਂ ਕਰਨੀ ਹੀ ਬੰਦ ਕਰ ਦੇਣੀ ਚਾਹੀਦੀ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਪਲਾਸਟਿਕ ਅਤੇ ਪੋਲੀਥੀਨ ਤੇ ਦੇਸ਼ ਵਿੱਚ ਪੂਰਨ ਪਾਬੰਦੀ ਹੀ ਲਗਾ ਦੇਵੇ। ਇਸ ਵਿੱਚ ਹੀ ਸਮੁੱਚੇ ਸਮਾਜ ਦੀ ਭਲਾਈ ਹੈ।

“इक्वालिटी एंड जस्टिस
“ पटियाला 05 जनवरी
INTERNATIONAL PAPER, 94636 01616
hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## वकालत के पेशे में नीति के मार्ग से चलना चाहिए



21 जुलाई, 1950 के दिन डॉ. बाबासाहेब अम्बेडकर औरंगाबाद पहुंचे। स्टेशन पर स्वागत के लिए तहसीलदार आयु. गोविंदराव देशपांडे, पुलिस सुपरिंटेंडेंट आयु. हरिश्चंद्र, अन्य अधिकारी, स्थानीय नेता, वकील और शे. का. फेडरेशन के हजारों लोग उपस्थित थे।

गार्ड ऑफ ऑनर

पुष्पमाला अर्पण करने के बाद डॉ. बाबासाहेब अम्बेडकर रंगमंच से नीचे उतर कर आए। स्थानीय पुलिस से गार्ड ऑफ ऑनर स्वीकार किया। उसके बाद नारों की गूंज में शेड्यूल्ड कास्ट्स् फेडरेशन के लोगों ने उन्हें फूलमालाएं अर्पण कीं।

उसके बाद डॉ. बाबासाहेब अम्बेडकर प्रिन्सिपल लेखापाल और आयु. चित्रे के साथ पीपल्स एजुकेशन सोसाइटी की इमारत की ओर रवाना हुए। वहां निरीक्षण कर वे फिर सेलुन की ओर लौटे।

डॉ. बाबासाहेब अम्बेडकर कॉलेज के समारोह में उपस्थित रहे और उन्होंने कॉलेज की नई इमारत की जगह का मुआयना किया। इस इमारत का पहला पत्थर डॉ. बाबासाहेब के करकमलों द्वारा रखा जाना था।

कोर्ट को भेट

दिनांक 23 को कॉलेज की नई इमारत देखने के बाद वे सेशन्स कोर्ट गए। सेशन्स कोर्ट के जज आयु. चंद्रकांत गोडसे ने उनका स्वागत किया और उन्हें कोर्ट और बार एसोसिएशन का परिसर दिवाया।

इसके बाद डॉ. साहब के बारे में जज गोडसे ने कहा डॉ. अम्बेडकर आधुनिक मनु हैं। उसके बाद डॉ. बाबासाहेब ने मुन्सिफ कोर्ट का उर्दू में चलने वाला कामकाज सुना।

इस कामकाज के बारे में डॉ. बाबासाहेब अम्बेडकर ने कहा-

उर्दू में जो काम चल रहा था उसे मैं समझ तो नहीं पाया लेकिन वह संतोषजनक था ऐसा मुझे लगता है। कई बार मेरा मन इस बात की चिंता में व्यग्र हो उठता है कि कोर्ट की भाषा क्या हो। कुछ लोग कहते हैं कि कोर्ट की भाषा हिंदी होनी चाहिए। तो कुछ लोगों का कहना है- कोर्ट की भाषा अंग्रेजी होनी चाहिए। स्थानीय भाषा में कानूनी शब्द व्यक्त नहीं हो सकते यह अनुभव है। उदाहरण के तौर पर इक्विटी शब्द के लिए योग्य शब्द नहीं है। इसलिए स्थानीय भाषा का कोर्ट की भाषा होना सबके लिए फायदेमंद शायद साबित न हो। उससे कामकाज में कई मुश्किलें पैदा होंगी। अर्थात्, राष्ट्रीय भाषा के कार्यक्षम होने के बाद उसे उसका योग्य स्थान मिलेगा ही।

मुझे वकील का पेशा बहुत पसंद है। लेकिन लोगों में इस पेशे के लिए आदर की भावना नहीं है। भारत में वकीलों पर कई आरोप लगाये जाते हैं।

“Equality and Justice” “Equality and Justice” Rs. 100/month स्वतंत्रता, समानता, भाईचारा



केन्द्र सरकार से मुक्त होने के बाद मैं इसी पेशे को अपना जीवन समर्पित करने वाला हूं। आज इस देश में लायक वकील बहुत कम हैं। लायक वकील न हों तो यह विभाग की अधोगति को जाएगा।

आज इस पेशे को बुरे दिन देखने पड़ रहे हैं इसकी एक वजह यह भी है कि कुछ लोग अवकाश प्राप्ति की उम्र के बाद भी अवकाश नहीं लेते, युवाओं को काम करने का मौका नहीं देते। व्यवसाय की प्रतिष्ठा बनी रहे इसके लिए युवा वकीलों को मौका देना आवश्यक है।

इस व्यवसाय में मर्यादा रखना बेहद जरूरी है उन्होंने आगे कहा- कानून के पंडितों द्वारा आजादी, हेबीअस कॉर्पस और अन्य कामकाज का महत्व जान कर राष्ट्र की सेवा की जानी चाहिए।

“इक्वालिटी एंड जस्टिस
“ पटियाला 05 जनवरी
INTERNATIONAL PAPER, 94636 01616
hardipchumber57@gmail.com

# डॉ. अम्बेडकर के कानूनी नैतिकता और भाषा पर विचार: एक ब्रीफिंग दस्तावेज़

**इंजी. हरदीप सिंह चुंबर**

यह दस्तावेज़ डॉ. बाबासाहेब अम्बेडकर द्वारा औरंगाबाद में दिए गए विचारों का सार प्रस्तुत करता है, जो विशेष रूप से कानून के पेशे और न्यायिक भाषा पर केंद्रित हैं। 23 जुलाई, 1950 को सेशन्स कोर्ट की अपनी यात्रा के दौरान, डॉ. अम्बेडकर ने कई महत्वपूर्ण मुद्दे उठाए। उन्होंने अदालतों की भाषा को लेकर चल रही बहस पर चिंता व्यक्त की, जिसमें स्थानीय भाषाओं में 'इक्विटी' जैसे जटिल कानूनी शब्दों के सटीक अनुवाद की कठिनाई को उजागर किया गया। उन्होंने वकालत के पेशे की स्थिति पर भी गहन टिप्पणी की, भारत में इसके प्रति सम्मान की कमी और योग्य वकीलों की कमी को इसकी अधोगति का कारण बताया। डॉ. अम्बेडकर ने युवा वकीलों को अवसर देने की पुरजोर वकालत की और वरिष्ठ पेशेवरों से आग्रह किया कि वे समय पर अवकाश ग्रहण करें ताकि पेशे की प्रतिष्ठा बनी रहे। अंत में, उन्होंने कानून के विशेषज्ञों से आग्रह किया कि वे स्वतंत्रता और 'हेबियस कॉर्पस' जैसे मौलिक सिद्धांतों के महत्व को समझकर राष्ट्र की सेवा करें।

## पृष्ठभूमि: औरंगाबाद यात्रा और न्यायालय का दौरा

21 जुलाई, 1950 को डॉ. बाबासाहेब अम्बेडकर का औरंगाबाद आगमन हुआ, जहाँ उनका भव्य स्वागत किया गया। इस अवसर पर तहसीलदार गोविंदराव देशपांडे, पुलिस सुपरिंटेंडेंट हरिश्चंद्र, अन्य अधिकारी, स्थानीय नेता और शेड्यूल्ड कास्ट्स् फेडरेशन के हजारों सदस्य उपस्थित थे।

* आगमन और सम्मान: स्टेशन पर डॉ. अम्बेडकर को पुष्पमालाएं अर्पित की गईं और स्थानीय पुलिस द्वारा 'गार्ड ऑफ ऑनर' दिया गया।

* शैक्षणिक निरीक्षण: उन्होंने पीपल्स एजुकेशन सोसाइटी की इमारत का निरीक्षण किया और कॉलेज की नई इमारत के लिए प्रस्तावित स्थल का मुआयना भी किया, जिसका शिलान्यास उनके द्वारा किया जाना था।




* न्यायालय का दौरा: 23 जुलाई को, डॉ. अम्बेडकर ने सेशन्स कोर्ट का दौरा किया। सेशन्स कोर्ट के जज, चंद्रकांत गोडसे ने उनका स्वागत किया और उन्हें "आधुनिक मनु" कहकर संबोधित किया। डॉ. अम्बेडकर ने मुन्सिफ कोर्ट में उर्दू में चल रही कार्यवाही को भी सुना।

इसी यात्रा के दौरान उन्होंने कानून, भाषा और पेशे की नैतिकता पर अपने गहन विचार व्यक्त किए, जो इस दस्तावेज़ का मुख्य विषय हैं।

## प्रमुख विषय-वस्तु और विश्लेषण

### 1. न्यायालय की भाषा पर चिंता

डॉ. अम्बेडकर ने न्यायालय की भाषा के जटिल मुद्दे पर अपनी चिंता व्यक्त की। उन्होंने कहा कि यह एक ऐसा विषय है जो उनके मन को अक्सर व्यग्र कर देता है।

* भाषा का विवाद: उन्होंने बताया कि कुछ लोग अदालती भाषा के रूप में हिंदी का समर्थन करते हैं, जबकि अन्य अंग्रेजी को प्राथमिकता देते हैं।

* स्थानीय भाषाओं की सीमाएं: उनका अनुभव था कि स्थानीय भाषाओं में जटिल कानूनी शब्दों को व्यक्त करना मुश्किल है। उन्होंने उदाहरण दिया:

* उर्दू कार्यवाही पर अवलोकन: मुन्सिफ कोर्ट में उर्दू में चल रही कार्यवाही के बारे में उन्होंने कहा:

* राष्ट्रीय भाषा का भविष्य: उन्होंने यह भी स्वीकार किया कि राष्ट्रीय भाषा के कार्यक्षम हो जाने पर उसे अंततः उसका उचित स्थान अवश्य मिलेगा।

### 2. वकालत के पेशे की स्थिति और भविष्य की योजना

डॉ. अम्बेडकर ने वकालत के पेशे के प्रति अपना गहरा लगाव व्यक्त किया, साथ ही इसकी वर्तमान स्थिति पर चिंता भी जताई।

* पेशे के प्रति सम्मान की कमी: उन्होंने कहा, "मुझे वकील का पेशा बहुत पसंद है। लेकिन लोगों में इस पेशे के लिए आदर की भावना नहीं है।" उन्होंने यह भी उल्लेख किया कि भारत में वकीलों पर कई आरोप लगाए जाते हैं।

* पेशे में वापसी की योजना: उन्होंने अपनी भविष्य की योजना का खुलासा करते हुए कहा कि केंद्र सरकार से मुक्त होने के बाद वे अपना जीवन इसी पेशे को समर्पित करेंगे।

* योग्य वकीलों की कमी: उनके अनुसार, देश में योग्य वकीलों की भारी कमी है, जो इस विभाग की "अधोगति" का एक प्रमुख कारण है।

### 3. पेशेवर नैतिकता और युवा पीढ़ी के लिए अवसर

डॉ. अम्बेडकर ने पेशे की प्रतिष्ठा बनाए रखने के लिए नैतिक आचरण और नई पीढ़ी को अवसर देने की आवश्यकता पर बल दिया।

* अवकाश ग्रहण की समस्या: उन्होंने इस बात की आलोचना की कि कुछ लोग अपनी अवकाश प्राप्ति की आयु के बाद भी पद नहीं छोड़ते, जिससे युवाओं को अवसर नहीं मिल पाता। उन्होंने कहा:

* युवा वकीलों का महत्व: उन्होंने जोर देकर कहा कि "व्यवसाय की प्रतिष्ठा बनी रहे इसके लिए युवा वकीलों को मौका देना आवश्यक है।"

* पेशे में मर्यादा: उन्होंने इस बात पर भी जोर दिया कि इस व्यवसाय में मर्यादा बनाए रखना अत्यंत आवश्यक है।

4. वकीलों का राष्ट्रीय कर्तव्य

अंत में, डॉ. अम्बेडकर ने कानून के विशेषज्ञों को उनके राष्ट्रीय उत्तरदायित्व का स्मरण कराया। उन्होंने कहा कि उन्हें केवल अपने पेशे तक सीमित नहीं रहना चाहिए, बल्कि राष्ट्र की सेवा में भी योगदान देना चाहिए।


### * राष्ट्र सेवा का आह्वान: उन्होंने कहा:

आह्वान दर्शाता है कि वे कानून को केवल एक व्यवसाय के रूप में नहीं, बल्कि सामाजिक न्याय और राष्ट्रीय प्रगति के एक शक्तिशाली उपकरण के रूप में देखते थे।

# पोस्टर जलाने वाले अनिल मिश्रा के खिलाफ FIR दर्ज कराने वाले दलित नेता मकरंद बौद्ध गिरफ्तार, पुराने मामले में वारंट जारी होने पर पुलिस ने भेजा

**अधिवक्ता अनिल मिश्रा के खिलाफ एफआईआर दर्ज कराने वाले मुख्य शिकायतकर्ता थे मकरंद बौद्ध। 2016 के वारंट पर पुलिस ने लिया एक्शन, दलित संगठनों ने बताया साजिश; वकीलों के बाद अब दूसरे पक्ष पर कार्रवाई।**

“इक्वालिटी एंड जस्टिस
“ पटियाला 05 जनवरी
INTERNATIONAL PAPER, 94636 01616
hardipchumber57@gmail.com



ग्वालियर (मध्य प्रदेश): संविधान निर्माता डॉ. भीमराव अंबेडकर के पोस्टर विवाद को लेकर ग्वालियर में चल रही गहमागहमी के बीच सोमवार को एक नया मोड़ आ गया। पुलिस ने इस मामले के मुख्य शिकायतकर्ता और दलित नेता मकरंद बौद्ध को गिरफ्तार कर लिया है। मकरंद बौद्ध वही शख्स हैं जिन्होंने अधिवक्ता अनिल मिश्रा के खिलाफ एफआईआर दर्ज कराई थी।

पुलिस ने मकरंद बौद्ध को सोमवार को न्यायालय में पेश किया, जहां से उन्हें जेल भेज दिया गया। पुलिस का कहना है कि यह कार्रवाई 2016-17 के एक पुराने मामले में जारी गिरफ्तारी वारंट के आधार पर की गई है। वहीं, दलित संगठनों ने इसे पुलिस की साजिश करार दिया है।

थाने गए थे चर्चा करने, पुराना वारंट बना गिरफ्तारी की वजह

घटनाक्रम के अनुसार, दलित नेता मकरंद बौद्ध सोमवार को किसी मामले में चर्चा करने के लिए ग्वालियर के विश्वविद्यालय पुलिस थाने पहुंचे थे। वहां मौजूद एक सिपाही ने थाना प्रभारी (SHO) रविंद्र कुमार को जानकारी दी कि मकरंद बौद्ध के खिलाफ वर्ष 2016-17 का एक पुराना मामला लंबित है। इस मामले में उन पर भारतीय दंड संहिता (IPC) की धारा 188 और 146 के तहत आरोप हैं।

बताया गया कि मकरंद लगातार इस पुराने मामले में कोर्ट में पेश नहीं हो रहे थे, जिसके चलते न्यायालय द्वारा उनके खिलाफ वारंट जारी किए गए थे। अभी कुछ दिन पहले ही उनके नाम का एक गिरफ्तारी वारंट भी निकला था। सूचना मिलते ही विश्वविद्यालय थाना प्रभारी रविंद्र कुमार ने अपनी टीम को तत्काल वारंट का पालन करने और मकरंद बौद्ध को गिरफ्तार करने का निर्देश दिया।

बराबरी पर आया मामला? पुलिस की रणनीति पर अटकलें

मकरंद बौद्ध के जेल जाने के बाद अंबेडकर पोस्टर विवाद में अब दोनों पक्ष एक ही स्थिति में नजर आ रहे हैं। जानकारों का मानना है कि पुलिस ने शांति व्यवस्था बहाल करने और दोनों गुटों को शांत करने के लिए यह रणनीति अपनाई है, जिसके तहत दोनों पक्षों के प्रमुख लोगों की गिरफ्तारी की गई है।

गौरतलब है कि ग्वालियर में पिछले काफी समय से डॉ. अंबेडकर को लेकर दो गुट आमने-सामने हैं। एक पक्ष अंबेडकर के समर्थन में अभियान चला रहा है, जबकि दूसरा पक्ष विरोध में खड़ा है।

### क्या था पूरा विवाद?

बुधवार को दलित नेता मकरंद बौद्ध ने डॉ. अंबेडकर के एक पोस्टर को जलाने की घटना को लेकर क्राइम ब्रांच में शिकायत दर्ज कराई थी। उनकी शिकायत पर पुलिस ने अधिवक्ता अनिल मिश्रा और सात अन्य लोगों के खिलाफ मामला दर्ज किया था। इसके बाद पुलिस ने गुरुवार रात कार्रवाई करते हुए अधिवक्ता अनिल मिश्रा और चार अन्य आरोपियों को गिरफ्तार कर लिया था।

रविवार को हुई अदालती सुनवाई के दौरान जज ने टिप्पणी की थी कि शिकायतकर्ता को भी अपनी बात रखने का अधिकार है और पुलिस को कार्यवाही के संबंध में मकरंद बौद्ध को नोटिस जारी करने का निर्देश दिया था।

पुलिस और दलित संगठनों के अपने-अपने दावे

इस गिरफ्तारी पर एएसपी विदिता डागर ने स्पष्ट किया कि मकरंद बौद्ध की गिरफ्तारी पूरी तरह से कानूनी प्रक्रिया के तहत की गई है। उन्होंने कहा कि यह कार्रवाई केवल पुराने लंबित वारंट के निष्पादन पर आधारित है।

दूसरी ओर, दलित संगठन इस कार्रवाई से नाराज हैं। उनका आरोप है कि पुलिस ने सुनियोजित साजिश के तहत शिकायतकर्ता को ही निशाना बनाया है और उन्हें जेल भेजा है।

# सन 1949 में दिल्ली बार्डर पर सिघुं चमार की अगवाई में एक लड़ाई लड़ी गई थी,तब से बार्डर सिघुं के नाम से मशहूर है

“इक्वालिटी एंड जस्टिस
“ पटियाला 05 जनवरी
INTERNATIONAL PAPER, 94636 01616
hardipchumber57@gmail.com




सन 1949 में दिल्ली बार्डर पर एक लड़ाई लड़ी गई थी,जो कि आज सिघुं बार्डर के नाम से मशहूर है

सिघुं एक चमार था। जो गांव कवारतन, कैथल का निवासी था।

जो कमजोर लोगों का मसीहा बना हुआ था।

उस समय कुछ बदमाशों ने ( वर्तमान का हरियाणा ) से उंटे, भैंस बकरी की चोरी कर ली।

300 भैंस,160 के करीब ऊंट और 200 के करीब बकरियां,बैल बैलगाड़ी और घरों के अन्य सामान भी चोरी हुए थे। बदमाशों की संख्या 50 से ज्यादा थी।

सिघुं चमार और उसके दोस्तों, गांव पाई, कैथल से फूलला जाट,कथूरा से रामचंद्र, असंध से मांगा राम,बुधराम पीपली से, नंदराम जाट,कलिया कवारतन से,सांता बाल्मिकी,केहरू रसीणा से,रोशन नंबरदार समालखा से,लीला राम बहालगढ़ से,बानू राम जाट मतलौडा से, बिल्लू गुर्जर पानीपत से, चंदू राजपूत घरोंडा से,कालू राम बाल्मिकी नगूरा से, सिब्बा राम चमार कलायत से और बनवारी लाल जाखौली ने दिल्ली के बार्डर पर बदमाशों को घेर लिया

दिल्ली के बार्डर पर लगातार 7 दिन लाठियों से लड़ाई लड़ी और लोगों के पशु और सामान वापस किए।

और भी बहुत काम लोगों की भलाई के लिए किए।

उस समय ये रास्ता बंद कर दिया गया था।

इसके बाद दिल्ली पुलिस ने सिघुं राम चमार और उसके साथियों को 4 साल तिहाड़ जेल में रखा गया।

उसके बाद जब वे लोग जेल से बाहर आए तो सोनीपत के जाटों और घरोंडा के राजपूतों तथा पानीपत के जाटों ने सिघुं चमार और उसके साथियों का दिल से स्वागत किया

लोग आज उस सील रास्ते को सिघुं बार्डर के नाम से जानते हैं।

18/1/2016 को श्री सिघुं चमार की मृत्यु हो गई।

कुछ लोग तो उनको भूल गए हैं।

इस इतिहास को ब्यान करने वाले संता गुर्जर शामली के है।

जो कि 97 साल के थे,जब उन्होंने ये जानकारी दी थी।

ऐसे महान यौद्धा को कोटि कोटि नमन करता हूं।

# पंजाब पुलिस ने ‘युद्ध नशियां विरुद्ध’ अभियान तेज़ किया: राज्यव्यापी छापेमारी में 65 ड्रग तस्कर गिरफ्तार

**राज्यव्यापी कार्रवाई के दौरान, 223 जगहों पर छापेमारी की गई, जिसमें 65 ड्रग तस्करों को गिरफ्तार किया गया और 54 फर्स्ट इंफॉर्मेशन रिपोर्ट (FIR) दर्ज की गईं।**

“इक्वालिटी एंड जस्टिस
“ पटियाला 05 जनवरी
INTERNATIONAL PAPER, 94636 01616
hardipchumber57@gmail.com

नशीली दवाओं के खिलाफ युद्ध जारी रखते हुए, मुख्यमंत्री भगवंत सिंह मान द्वारा राज्य से नशे की समस्या को खत्म करने के लिए शुरू किए गए “युद्ध नशियां विरुद्ध” अभियान के तहत, पंजाब पुलिस ने सोमवार को लगातार 310वें दिन ऑपरेशन चलाया।

राज्यव्यापी कार्रवाई के दौरान, 223 जगहों पर छापे मारे गए, जिससे 65 ड्रग तस्करों को गिरफ्तार किया गया और 54 फर्स्ट इंफॉर्मेशन रिपोर्ट (FIR) दर्ज की गईं। इन गिरफ्तारियों के साथ, पिछले 310 दिनों में पकड़े गए ड्रग तस्करों की कुल संख्या बढ़कर 43,326 हो गई है।

छापों के दौरान गिरफ्तार तस्करों के पास से 657 ग्राम हेरोइन, 440 नशीली गोलियां/कैप्सूल और ₹2,630 ड्रग मनी बरामद की गई।

खास बात यह है कि मुख्यमंत्री भगवंत सिंह मान ने पुलिस कमिश्नरों, डिप्टी कमिश्नरों और सीनियर पुलिस अधीक्षकों को पंजाब को नशा मुक्त राज्य बनाने का निर्देश दिया है।

अभियान की निगरानी और उसे मजबूत करने के लिए, पंजाब सरकार ने वित्त मंत्री हरपाल सिंह चीमा की अध्यक्षता में एक पांच सदस्यीय कैबिनेट उप-समिति का भी गठन किया है, जो नशीली दवाओं के खिलाफ युद्ध की देखरेख करेगी।

100 से ज़्यादा पुलिस टीमों ने, जिसमें 700 से ज़्यादा पुलिसकर्मी शामिल थे और 48 राजपत्रित अधिकारियों की देखरेख में काम कर रहे थे, राज्य भर में 223 छापे मारे। दिन भर चले ऑपरेशन के दौरान, पुलिस टीमों ने 242 संदिग्ध व्यक्तियों




की भी जांच की।

राज्य सरकार ने पंजाब से नशीली दवाओं को खत्म करने के लिए तीन-तरफ़ा रणनीति - प्रवर्तन, नशामुक्ति और रोकथाम (EDP) - अपनाई है। ‘नशामुक्ति’ पहल के तहत, पंजाब पुलिस ने सोमवार को 22 व्यक्तियों को नशामुक्ति और पुनर्वास उपचार कराने के लिए भी राजी किया।

# पंजाब सरकार वन स्टॉप सेंटर्स के ज़रिए 5,100 से ज़्यादा महिलाओं को मुफ्त मेडिकल और कानूनी मदद दे रही है।

“इक्वालिटी एंड जस्टिस
“ पटियाला 05 जनवरी
INTERNATIONAL PAPER, 94636 01616
hardipchumber57@gmail.com

पंजाब सरकार ने मौजूदा फाइनेंशियल ईयर में नवंबर तक राज्य भर में बनाए गए वन स्टॉप सेंटर्स (OSCs) के ज़रिए हिंसा की शिकार 5,121 महिलाओं को मुफ्त मेडिकल और कानूनी मदद दी है। यह जानकारी पंजाब की सोशल सिक्योरिटी, महिला और बाल विकास मंत्री डॉ. बलजीत कौर ने दी।

मंत्री ने कहा कि राज्य सरकार यह पक्का करने के लिए पूरी तरह से प्रतिबद्ध है कि पंजाब की हर महिला सम्मान, इज़्ज़त और सुरक्षा के साथ जी सके। इसी मकसद से वन स्टॉप सेंटर्स एक ही छत के नीचे इंटीग्रेटेड सेवाएं दे रहे हैं। इनमें हिंसा से प्रभावित महिलाओं के लिए मुफ्त मेडिकल इलाज, कानूनी सहायता, पुलिस सहायता, प्रोफेशनल काउंसलिंग और अस्थायी आश्रय शामिल हैं।

डॉ. बलजीत कौर ने ज़ोर देकर कहा कि इन सेंटर्स में आने वाली महिलाओं को सिर्फ़ आंकड़ों के तौर पर नहीं देखा जाना चाहिए। हर महिला भावनात्मक सदमे और असुरक्षा के साथ-साथ न्याय की मज़बूत उम्मीद भी रखती है। उन्होंने कहा कि ऐसी महिलाओं को सुरक्षा, भावनात्मक सहारा और आत्म-सम्मान के साथ अपनी ज़िंदगी दोबारा बनाने के मौके देना सरकार की नैतिक और सामाजिक ज़िम्मेदारी है।

उन्होंने आगे बताया कि मुख्यमंत्री भगवंत सिंह मान के नेतृत्व में महिलाओं की सुरक्षा और सशक्तिकरण को शासन की मुख्य प्राथमिकता बनाया गया है। सरकार पीड़ितों को




समय पर सहायता और न्याय सुनिश्चित कर रही है और उसने पूरे पंजाब में महिलाओं की गरिमा और पुनर्वास की रक्षा के लिए ऐसी पहलों को और मज़बूत करने और उनका विस्तार करने की अपनी प्रतिबद्धता को दोहराया है।

# ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**“ਇਕੁਐਲਿਟੀ ਐਂਡ ਜਸਟਿਸ” ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ ‘ਪੰਚਸ਼ੀਲ’ ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ ‘ਮਨ ਦੀ ਸਮਾਧੀ’ ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



“ਇਕੁਐਲਿਟੀ ਐਂਡ ਜਸਟਿਸ”